
# ਲੈਨਿਨ

# ਰਾਜ



ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

## ਵ. ਇ. ਲੈਨਿਨ

# ਰਾਜ

**11 ਜੁਲਾਈ, 1919 ਨੂੰ ਸਵੇਰਦਲੋਵ ਯੂਨੀਵਰਸਿਟੀ ਵਿੱਚ ਦਿੱਤਾ ਲੈਕਚਰ**[1]



**ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ**

**ਪੰਜਾਬੀ ਅਨੁਵਾਦ, ਪ੍ਰਗਤੀ ਪ੍ਰਕਾਸ਼ਨ, ਮਾਸਕੋ ਸੋਵੀਅਤ ਯੂਨੀਅਨ ਵਿੱਚ ਛਪਿਆ**

ਪਹਿਲੀ ਵਾਰ : ਸਤੰਬਰ, 2009
ਦੂਸਰੀ ਵਾਰ : ਜਨਵਰੀ 2022

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
ਪਤਾ — ਸ਼ਹੀਦ ਭਗਤ ਸਿੰਘ ਭਵਨ, ਸੀਲੋਆਣੀ ਰੋਡ,
ਰਾਏਕੋਟ, ਜ਼ਿਲ੍ਹਾ-ਲੁਧਿਆਣਾ 141109
ਫੋਨ ਨੰ. 098155-87807.
ਈਮੇਲ : janchetnapb@gmail.com

ਛਾਪਕ : ਅੱਪੂ ਆਰਟ ਪ੍ਰੈਸ, ਜਲੰਧਰ

ਕੀਮਤ : 20 ਰੁਪਏ

# ਪ੍ਰਕਾਸ਼ਕ ਵਲੋਂ

ਵ. ਇ. ਲੈਨਿਨ ਦੀ ਇਹ ਕਿਰਤ 'ਰਾਜ' ਇੱਕ ਲੈਕਚਰ ਹੈ ਜਿਹੜਾ ਉਹਨਾਂ 11 ਜੁਲਾਈ 1919 ਨੂੰ ਯਾ. ਮ. ਸਵੇਰਦਲੋਵ ਦੇ ਨਾਂ ਵਾਲ਼ੀ ਯੂਨੀਵਰਸਟੀ ਦੇ ਪਾਠਕਾਂ ਅਗੇ ਦਿੱਤਾ।

ਇਸ ਲੈਕਚਰ ਵਿੱਚ ਵ. ਇ. ਲੈਨਿਨ ਨੇ ਇਸ ਗਲ ਦੀ ਵਿਆਖਿਆ ਕੀਤੀ ਕਿ ਰਾਜ ਕੀ ਹੈ, ਇਹ ਕਿਵੇਂ ਪ੍ਰਗਟ ਹੋਇਆ ਅਤੇ ਮਜ਼ਦੂਰ ਜਮਾਤ ਦੀ ਪਾਰਟੀ ਦਾ ਇਸ ਵਲ ਕੀ ਵਤੀਰਾ ਹੋਣਾ ਚਾਹੀਦਾ ਹੈ। ਲੈਨਿਨ ਨੇ ਇਹ ਗਲ ਸਪਸ਼ਟ ਕੀਤੀ ਕਿ ਰਾਜ ਦੇ ਸਵਾਲ ਉੱਤੇ ਬੁਰਜੂਆ ਦਾਰਸ਼ਨਿਕਾਂ ਅਤੇ ਰਾਜਸੀ ਨੇਤਾਵਾਂ ਦੇ ਵਿਚਾਰ ਉੱਕਾ ਗ਼ਲਤੀ ਭਰੇ ਹਨ।

ਇਸ ਕਿਰਤ ਦਾ ਅਨੁਵਾਦ ਵ. ਇ. ਲੈਨਿਨ ਦੀ ਸੰਗ੍ਰਹਿਤ ਕਿਰਤਾਂ ਦੀ 39–ਵੀਂ ਸੈਂਚੀ ਅਨੁਸਾਰ ਪ੍ਰਗਤੀ ਪ੍ਰਕਾਸ਼ਨ ਮਾਸਕੋ ਦੁਆਰਾ ਛਾਪਿਆ ਗਿਆ ਸੀ। ਇਸ ਛਾਪ ਦੌਰਾਨ ਇਸ ਅਨੁਵਾਦ ਦੇ ਕਈ ਸ਼ਬਦ ਤਬਦੀਲ ਕੀਤੇ ਗਏ ਹਨ।

# ਰਾਜ

ਸਾਥੀਓ, ਤੁਹਾਡੇ ਵਲੋਂ ਪ੍ਰਵਾਨ ਕੀਤੀ ਅਤੇ ਮੈਨੂੰ ਦਿੱਤੀ ਗਈ ਪਲਾਨ ਅਨੁਸਾਰ ਅੱਜ ਦੀ ਗੱਲਬਾਤ ਦਾ ਵਿਸ਼ਾ ਰਾਜ ਹੈ। ਮੈਂ ਇਹ ਨਹੀਂ ਜਾਣਦਾ ਕਿ ਇਸ ਵਿਸ਼ੇ ਤੋਂ ਤੁਸੀਂ ਕਿੰਨੇ ਕੁ ਜਾਣੂ ਹੋ। ਜੇ ਮੈਂ ਗ਼ਲਤੀ ਨਹੀਂ ਕਰ ਰਿਹਾ ਤਾਂ ਤੁਹਾਡੇ ਕੋਰਸ ਅਜੇ ਸ਼ੁਰੂ ਹੀ ਹੋਏ ਹਨ ਅਤੇ ਇਹ ਪਹਿਲਾ ਸਮਾਂ ਹੈ ਜਦੋਂ ਤੁਸੀਂ ਇਸ ਵਿਸ਼ੇ ਨੂੰ ਬਾਕਾਇਦਾ ਢੰਗ ਨਾਲ਼ ਲੈ ਰਹੇ ਹੋ। ਜੇ ਗਲ ਅਜਿਹੀ ਹੈ ਤਾਂ ਇਹ ਐਨ ਸੰਭਵ ਹੈ ਕਿ ਇਸ ਔਖੇ ਵਿਸ਼ੇ ਸਬੰਧੀ ਪਹਿਲੇ ਲੈਕਚਰ ਵਿੱਚ ਮੈਂ ਆਪਣੀ ਵਿਆਖਿਆ ਆਪਣੇ ਬਹੁਤ ਸਾਰੇ ਸਰੋਤਿਆਂ ਲਈ ਲੋੜੀਂਦੀ ਹੱਦ ਤੱਕ ਸਪਸ਼ਟ ਅਤੇ ਸਮਝਣ-ਯੋਗ ਨਾ ਬਣਾ ਸਕਾਂ। ਜੇ ਅਜਿਹਾ ਹੀ ਹੋਵੇ ਤਾਂ ਮੈਂ ਤੁਹਾਡੇ ਅੱਗੇ ਬੇਨਤੀ ਕਰਾਂਗਾ ਕਿ ਤੁਸੀਂ ਇਸ ਗਲ ਤੋਂ ਘਬਰਾਉਣਾ ਨਾ ਕਿਉਂਕਿ ਰਾਜ ਦਾ ਸਵਾਲ ਇੱਕ ਅਤਿ-ਅੰਤ ਪੇਚਦਾਰ ਅਤੇ ਔਖਾ ਪ੍ਰਸ਼ਨ ਹੈ, ਸ਼ਾਇਦ ਇੱਕ ਅਜਿਹਾ ਸਵਾਲ ਹੈ ਜਿਸ ਵਿੱਚ ਬੁਰਜੂਆ ਵਿਦਵਾਨਾਂ, ਲੇਖਕਾਂ ਅਤੇ ਦਾਰਸ਼ਨਿਕਾਂ ਨੇ ਕਿਸੇ ਵੀ ਹੋਰ ਸਵਾਲ ਨਾਲ਼ੋਂ ਵਧੇਰੇ ਰੋਲ਼-ਘਚੋਲ਼ਾ ਪਾਇਆ ਹੈ। ਇਸ ਲਈ ਇਹ ਆਸ ਨਹੀਂ ਰੱਖਣੀ ਚਾਹੀਦੀ ਕਿ ਇੱਕੋ ਇੱਕ ਸੰਖੇਪ ਗਲਬਾਤ ਰਾਹੀਂ, ਪਹਿਲੀ ਹੀ ਬੈਠਕ ਵਿੱਚ ਇਸ ਸਵਾਲ ਦੀ ਸਪਸ਼ਟ ਸੋਝੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਵਿਸ਼ੇ ਉੱਤੇ ਪਹਿਲੀ ਗਲਬਾਤ ਪਿੱਛੋਂ ਤੁਹਾਨੂੰ ਉਹ ਹਿੱਸੇ ਅੰਗਤ ਕਰ ਲੈਣੇ ਚਾਹੀਦੇ ਹਨ ਜਿਹੜੇ ਤੁਹਾਨੂੰ ਸਮਝ ਨਹੀਂ ਆਏ ਜਾਂ ਜਿਹੜੇ ਤੁਹਾਡੇ ਲਈ ਸਪਸ਼ਟ ਨਹੀਂ ਅਤੇ ਉਹਨਾਂ ਵੱਲ ਦੂਜੀ, ਤੀਜੀ ਅਤੇ ਚੌਥੀ ਵਾਰ ਪਰਤਣਾ ਚਾਹੀਦਾ ਹੈ ਤਾਂ ਜੋ ਅੱਗੋਂ ਜਾਕੇ ਪੜ੍ਹਨ ਰਾਹੀਂ ਵੀ ਅਤੇ ਵੱਖ-ਵੱਖ ਲੈਕਚਰਾਂ ਅਤੇ ਗਲਬਾਤਾਂ ਰਾਹੀਂ ਤੁਹਾਡੇ ਗਿਆਨ ਵਿੱਚ ਵਾਧਾ ਹੋ ਸਕੇ ਅਤੇ ਉਸ ਕੁੱਝ ਨੂੰ ਸਪਸ਼ਟ ਕੀਤਾ ਜਾਵੇ ਜਿਸਦੀ ਤੁਹਾਨੂੰ ਸਮਝ ਨਹੀਂ ਆਈ। ਮੈਨੂੰ ਆਸ ਹੈ ਕਿ ਅਸੀਂ ਫੇਰ ਮਿਲ਼ਾਂਗੇ ਅਤੇ ਉਸ ਸਮੇਂ ਅਸੀਂ ਜ਼ਿਮਨੀ ਸਵਾਲਾਂ ਸਬੰਧੀ ਵਿਚਾਰ ਵਟਾਂਦਰਾ ਕਰ ਸਕਾਂਗੇ ਅਤੇ ਇਹ ਵੇਖ ਸਕਾਂਗੇ ਕਿ ਸਭ ਤੋਂ ਵੱਧ ਅਸਪਸ਼ਟ ਕੀ ਰਹਿ ਗਿਆ ਹੈ। ਮੈਨੂੰ ਇਹ ਵੀ ਆਸ ਹੈ ਕਿ ਗਲਬਾਤਾਂ ਅਤੇ ਲੈਕਚਰਾਂ ਤੋਂ ਬਿਨਾਂ ਤੁਸੀਂ ਮਾਰਕਸ ਅਤੇ ਏਂਗਲਜ਼ ਦੀਆਂ ਘੱਟੋ-ਘੱਟ ਕੁੱਝ ਸਭ ਤੋਂ ਅਹਿਮ ਰਚਨਾਵਾਂ ਲਈ ਕੁੱਝ ਸਮਾਂ ਦਿਓਗੇ। ਮੈਨੂੰ ਇਸ ਸਬੰਧੀ ਕੋਈ ਸ਼ੱਕ ਨਹੀਂ ਕਿ ਇਹ ਅਤਿ-ਅੰਤ ਮਹੱਤਵ-ਪੂਰਨ ਰਚਨਾਵਾਂ ਸਾਹਿਤ ਦੀਆਂ ਉਹਨਾਂ ਸੂਚੀਆਂ ਵਿੱਚ ਅਤੇ ਉਹਨਾਂ ਪਾਠ-ਪੁਸਤਕਾਂ ਵਿੱਚ ਮਿਲ਼ ਸਕਦੀਆਂ ਹਨ ਜਿਹੜੀਆਂ ਤੁਹਾਡੀ ਲਾਇਬ੍ਰੇਰੀ ਵਿੱਚ ਸੋਵੀਅਤ ਅਤੇ ਪਾਰਟੀ ਸਕੂਲਾਂ ਦੇ ਵਿਦਿਆਰਥੀਆਂ ਲਈ ਮੌਜੂਦ ਹਨ; ਅਤੇ ਭਾਵੇਂ ਸ਼ਾਇਦ ਤੁਹਾਡੇ ਵਿੱਚੋਂ ਕੁੱਝ ਨੂੰ ਸ਼ੁਰੂ ਸ਼ੁਰੂ ਵਿੱਚ ਵਿਆਖਿਆ ਦੀ ਔਖਿਆਈ ਤੋਂ ਨਿਰਾਸ਼ਾ ਹੋਵੇਗੀ ਮੈਂ ਤੁਹਾਨੂੰ ਫੇਰ ਚਿਤਾਉਣੀ ਦੇਂਦਾ ਹਾਂ ਕਿ ਤੁਹਾਨੂੰ ਇਸ ਗਲ ਤੋਂ ਚਿੰਤਾਤੁਰ ਨਹੀਂ ਹੋਣਾ ਚਾਹੀਦਾ ਅਤੇ ਜੋ ਕੁੱਝ ਪਹਿਲੀ ਵਾਰ ਪੜ੍ਹਨ 'ਤੇ ਅਸਪਸ਼ਟ

ਹੈ ਉਹ ਦੂਜੀ ਵਾਰ ਪੜ੍ਹਨ ਨਾਲ਼ ਜਾਂ ਉਸ ਸਮੇਂ ਜਦੋਂ ਤੁਸੀਂ ਇਸ ਸਵਾਲ ਨੂੰ ਕੁੱਝ ਵੱਖਰੇ ਪਾਸਿਉਂ ਲਵੋਗੇ, ਸਪਸ਼ਟ ਹੋ ਜਾਵੇਗਾ। ਸੋ, ਮੈਂ ਇੱਕ ਵਾਰ ਫੇਰ ਦੁਹਰਾਉਂਦਾ ਹਾਂ ਕਿ ਇਹ ਸਵਾਲ ਏਨਾ ਪੇਚਦਾਰ ਹੈ ਅਤੇ ਬੁਰਜੂਆ ਵਿਦਵਾਨਾਂ ਅਤੇ ਲੇਖਕਾਂ ਨੇ ਇਸ ਵਿੱਚ ਏਨਾ ਰੋਲ਼-ਘਚੋਲ਼ਾ ਪਾਇਆ ਹੈ ਕਿ ਜੋ ਕੋਈ ਵੀ ਇਸ ਸਵਾਲ ਦਾ ਗੰਭੀਰਤਾ ਨਾਲ਼ ਅਧਿਐਨ ਕਰਨਾ ਚਾਹੁੰਦਾ ਹੈ, ਅਤੇ ਸੁਤੰਤਰ ਰੂਪ ਵਿੱਚ ਇਹਦੇ ਵਿੱਚ ਨਿਪੁੰਨਤਾ ਪ੍ਰਾਪਤ ਕਰਨਾ ਚਾਹੁੰਦਾ ਹੈ, ਉਹਨੂੰ ਇਹਦੇ ਉੱਤੇ ਇੱਕ ਤੋਂ ਵੱਧ ਵਾਰੀ ਹੱਲਾ ਬੋਲਣਾ ਚਾਹੀਦਾ, ਮੁੜ-ਘਿੜ ਇਹਦੇ ਵਲ ਪਰਤਣਾ ਚਾਹੀਦਾ ਹੈ ਅਤੇ ਇਸ ਸਵਾਲ ਨੂੰ ਵੱਖ-ਵੱਖ ਪਾਸਿਆਂ ਤੋਂ ਲੈਣਾ ਚਾਹੀਦਾ ਹੈ ਤਾਂ ਜੋ ਇਹਦੀ ਸਪਸ਼ਟ ਅਤੇ ਪਕ **ਸੋਝੀ** ਪ੍ਰਾਪਤ ਕੀਤੀ ਜਾ ਸਕੇ। ਅਤੇ ਇਸ ਸਵਾਲ ਵਲ ਪਰਤਣਾ ਹੋਰ ਵੀ ਸੌਖੇਰਾ ਹੋਵੇਗਾ ਕਿਉਂਕਿ ਇਹ ਸਮੁੱਚੀ ਰਾਜਨੀਤੀ ਦਾ ਏਨਾ ਬੁਨਿਆਦੀ, ਏਨਾ ਮੂਲ ਸਵਾਲ ਹੈ ਅਤੇ ਕਿਉਂਕਿ ਕੇਵਲ ਅੱਜ ਦੇ ਤੂਫ਼ਾਨੀ ਅਤੇ ਇਨਕਲਾਬੀ ਸਮੇਂ ਵਿੱਚ ਹੀ ਨਹੀਂ ਸਗੋਂ ਸਭ ਤੋਂ ਵੱਧ ਅਮਨ-ਭਰੇ ਸਮਿਆਂ ਵਿੱਚ ਵੀ, ਇਹ ਸਵਾਲ ਕਿਸੇ ਵੀ ਰਾਜਸੀ ਅਤੇ ਆਰਥਕ ਮਸਲੇ ਦੇ ਸਬੰਧ ਵਿੱਚ ਹਰ ਰੋਜ਼ ਕਿਸੇ ਵੀ ਅਖ਼ਬਾਰ ਵਿੱਚ ਤੁਹਾਡੇ ਸਾਹਮਣੇ ਆ ਸਕਦਾ ਹੈ। ਹਰ ਰੋਜ਼, ਇੱਕ ਜਾਂ ਦੂਜੇ ਸਬੰਧ ਵਿੱਚ, ਤੁਸੀਂ ਇਸ ਸਵਾਲ ਵੱਲ ਪਰਤੋਗੇ: ਰਾਜ ਕੀ ਹੈ, ਇਹਦੀ ਮਹੱਤਤਾ ਕੀ ਹੈ, ਅਤੇ ਸਾਡੀ ਪਾਰਟੀ, ਕਮਿਊਨਿਸਟ ਪਾਰਟੀ ਦਾ, ਜੋ ਸਰਮਾਏਦਾਰੀ ਦਾ ਤਖ਼ਤਾ ਪੂਰੀ ਤਰ੍ਹਾਂ ਉਲਟਾਣ ਲਈ ਸੰਗਰਾਮ ਕਰ ਰਹੀ ਹੈ—ਰਾਜ ਵੱਲ ਵਤੀਰਾ ਕੀ ਹੈ ? ਅਤੇ ਮੁੱਖ ਗਲ ਇਹ ਹੈ ਕਿ ਆਪਣੀ ਪੜ੍ਹਾਈ ਦੇ ਨਤੀਜੇ ਵਜੋਂ, ਉਹਨਾਂ ਗਲਬਾਤਾਂ ਅਤੇ ਲੈਕਚਰਾਂ ਦੇ ਨਤੀਜੇ ਵਜੋਂ ਜਿਹੜੇ ਤੁਸੀਂ ਰਾਜ ਸਬੰਧੀ ਸੁਣੋਗੇ, ਤੁਹਾਨੂੰ ਇਹ ਸਵਾਲ ਸੁਤੰਤਰ ਰੂਪ ਵਿੱਚ ਹੱਥ ਵਿੱਚ ਲੈਣ ਦੀ ਯੋਗਤਾ ਪ੍ਰਾਪਤ ਕਰ ਲੈਣੀ ਚਾਹੀਦੀ ਹੈ, ਕਿਉਂਕਿ ਅਤਿ ਭਿੰਨ ਭਿੰਨ ਅਵਸਰਾਂ ਉੱਤੇ, ਅਤਿ-ਅੰਤ ਤੁਛ ਸਵਾਲਾਂ ਸਬੰਧੀ, ਅਤਿ-ਅੰਤ ਆਸ਼ਾ-ਵਿਰੁੱਧ ਸੁਮੇਲਾਂ ਦੇ ਅਵਸਰ 'ਤੇ ਅਤੇ ਵਿਰੋਧੀਆਂ ਨਾਲ਼ ਬਹਿਸਾਂ ਅਤੇ ਝਗੜਿਆਂ ਵਿੱਚ ਤੁਹਾਡਾ ਇਹਦੇ ਨਾਲ਼ ਵਾਹ ਪੈ ਸਕਦਾ ਹੈ। ਜਦੋਂ ਤੁਸੀਂ ਇਸ ਸਵਾਲ ਸਬੰਧੀ ਆਪਣਾ ਰਾਹ ਸੁਤੰਤਰ ਰੂਪ ਵਿੱਚ ਲਭ ਸਕੋਗੇ, ਉਦੋਂ ਹੀ ਤੁਸੀਂ ਆਪਣੇ ਆਪ ਨੂੰ ਆਪਣੇ ਵਿਸ਼ਵਾਸਾਂ ਵਿੱਚ ਪਰਪੱਕ ਸਮਝ ਸਕੋਗੇ ਅਤੇ ਉਹਨਾਂ ਦੀ ਕਿਸੇ ਵੀ ਵਿਰੁੱਧ, ਕਿਸੇ ਵੀ ਸਮੇਂ ਪ੍ਰੋੜ੍ਹਤਾ ਕਰ ਸਕੋਗੇ।

ਇਹਨਾਂ ਸੰਖੇਪ ਗਲਾਂ ਪਿਛੋਂ ਮੈਂ ਐਨ ਇਸ ਸਵਾਲ ਨੂੰ ਲੈਣਾ ਸ਼ੁਰੂ ਕਰਦਾ ਹਾਂ—ਰਾਜ ਕੀ ਹੈ, ਰਾਜ ਕਿਵੇਂ ਹੋਂਦ ਵਿੱਚ ਆਇਆ ਅਤੇ ਮਜ਼ਦੂਰ ਜਮਾਤ ਦੀ ਪਾਰਟੀ ਦਾ, ਕਮਿਊਨਿਸਟ ਪਾਰਟੀ ਦਾ, ਜੋ ਸਰਮਾਏਦਾਰੀ ਦਾ ਤਖ਼ਤਾ ਪੂਰੀ ਤਰ੍ਹਾਂ ਉਲਟਾਣ ਲਈ ਸੰਗਰਾਮ ਕਰ ਰਹੀ ਹੈ, ਬੁਨਿਆਦੀ ਤੌਰ 'ਤੇ ਵਤੀਰਾ ਕੀ ਹੋਣਾ ਚਾਹੀਦਾ ਹੈ ?

ਮੈ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਤੁਹਾਨੂੰ ਸ਼ਾਇਦ ਹੀ ਹੋਰ ਕੋਈ ਅਜਿਹਾ ਮਸਲਾ ਮਿਲ਼ੇਗਾ ਜਿਸ ਵਿੱਚ ਬੁਰਜੂਆ ਵਿਗਿਆਨ, ਦਰਸ਼ਨ, ਨਿਆਂ-ਸ਼ਾਸਤਰ, ਰਾਜਨੀਤਕ ਆਰਥਕਤਾ ਅਤੇ ਪਤਰਕਾਰੀ ਦੇ ਪ੍ਰਤਿਨਿਧਾਂ ਨੇ ਸੁਚੇਤ ਜਾਂ ਅਚੇਤ ਤੌਰ 'ਤੇ ਏਨਾ ਰੋਲ਼-ਘਚੋਲ਼ਾ ਪਾਇਆ ਹੋਵੇ ਜਿੰਨਾਂ ਰਾਜ ਦੇ ਸਾਵਾਲ ਵਿੱਚ। ਅੱਜ ਤੱਕ ਇਸ ਸਵਾਲ ਨੂੰ ਅਕਸਰ

ਧਾਰਮਕ ਸਵਾਲਾਂ ਨਾਲ਼ ਰਲ਼-ਗਡ ਕੀਤਾ ਜਾਂਦਾ ਹੈ, ਕੇਵਲ ਧਾਰਮਿਕ ਸਿਧਾਂਤਾਂ ਪ੍ਰਤੀਨਿਧ ਹੀ ਨਹੀਂ (ਉਹਨਾਂ ਤੋਂ ਤਾਂ ਇਸ ਗੱਲ ਦੀ ਆਸ ਰੱਖਣੀ ਉੱਕਾ ਹੀ ਸੁਭਾਵਕ ਹੈ ) ਉਹ ਲੋਕ ਵੀ ਜਿਹੜੇ ਆਪਣੇ ਆਪ ਨੂੰ ਧਾਰਮਿਕ ਤੁਅੱਸਬਾਂ ਤੋਂ ਬਰੀ ਸਮਝਦੇ ਹਨ, ਰਾਜ ਦੇ ਵਿਸ਼ੇਸ਼ ਸਵਾਲ ਨੂੰ ਧਰਮ ਦੇ ਸਵਾਲ ਨਾਲ਼ ਰਲ਼-ਗਡ ਕਰਦੇ ਅਤੇ ਇੱਕ ਸਿਧਾਂਤ ਘੜਨ ਦਾ ਯਤਨ ਕਰਦੇ ਹਨ-ਬਹੁਤ ਅਕਸਰ ਇੱਕ ਗੁੰਝਲਦਾਰ ਸਿਧਾਂਤ, ਜਿਸ ਵਿੱਚ ਵਿਚਾਰਧਾਰਕ ਅਤੇ ਦਾਰਸ਼ਨਿਕ ਪਹੁੰਚ ਅਤੇ ਦਲੀਲਬਾਜ਼ੀ ਹੁੰਦੀ ਹੈ-ਜਿਸ ਵਿੱਚ ਦਾਅਵਾ ਕੀਤਾ ਜਾਂਦਾ ਹੈ ਕਿ ਰਾਜ ਕੋਈ ਦੈਵੀ ਵਸਤੂ ਹੈ, ਕੋਈ ਪਰਾ-ਪ੍ਰਾਕਿਰਤਕ ਵਸਤੂ, ਕਿ ਇਹ ਇੱਕ ਨਿਸ਼ਚਤ ਸ਼ਕਤੀ ਹੈ, ਜਿਸ ਸਦਕਾ ਮਨੁੱਖਜਾਤੀ ਰਹਿੰਦੀ ਰਹੀ ਹੈ ਅਤੇ ਕੋਈ ਅਜਿਹੀ ਵਸਤੂ, ਜੋ ਮਨੁੱਖ ਦੀ ਨਹੀਂ ਸਗੋਂ ਉਹਨੂੰ ਬਾਹਰੋਂ ਦਿੱਤੀ ਜਾਂਦੀ ਹੈ, ਪ੍ਰਦਾਨ ਕਰਦੀ ਹੈ ਜਾਂ ਪ੍ਰਦਾਨ ਕਰ ਸਕਦੀ ਹੈ—ਕਿ ਇਹ ਕੋਈ ਦੈਵੀ ਆਦਿ ਵਾਲੀ ਸ਼ਕਤੀ ਹੈ। ਇਹ ਦਸਣਾ ਲਾਜ਼ਮੀ ਹੈ ਕਿ ਇਹ ਸਿਧਾਂਤ ਲੋਟੂ ਜਮਾਤਾਂ-ਜਗੀਰਦਾਰਾਂ ਅਤੇ ਸਰਮਾਏਦਾਰਾਂ-ਦੇ ਹਿੱਤਾਂ ਨਾਲ਼ ਏਨਾ ਨੇੜਿਉਂ ਸਬੰਧ ਰੱਖਦਾ ਹੈ ਉਹਨਾਂ ਦੇ ਹਿੱਤਾਂ ਦੀ ਇਉਂ ਸੇਵਾ ਕਰਦਾ ਹੈ, ਬੁਰਜੂਆਜ਼ੀ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਵਾਲ਼ੇ ਭੱਦਰਪੁਰਸ਼ਾਂ ਦੇ ਰਵਾਜਾਂ, ਵਿਚਾਰਾਂ ਅਤੇ ਵਿਗਿਆਨ ਵਿੱਚ ਏਨਾ ਰਚ ਗਿਆ ਹੈ ਕਿ ਇਹਦੀ ਰਹਿੰਦ-ਖੂੰਹਦ ਹਰ ਥਾਂ ਦਿਸਦੀ, ਇਥੋਂ ਤੱਕ ਕਿ ਰਾਜ ਸਬੰਧੀ ਮੇਨਸ਼ਵਿਕਾਂ[2] ਅਤੇ ਸੋਸ਼ਲਿਸਟ-ਇਨਕਲਾਬੀਆਂ[3] ਦੇ ਵਿਚਾਰਾਂ ਵਿੱਚ ਵੀ, ਜੋ ਬੜੀ ਘ੍ਰਿਣਾ ਨਾਲ਼ ਇਸ ਸੁਝਾਓ ਨੂੰ ਰੱਦ ਕਰਦੇ ਹਨ ਕਿ ਉਹ ਧਾਰਮਕ ਤੁਅਸਬਾਂ ਦੇ ਅਸਰ ਅਧੀਨ ਹਨ ਅਤੇ ਜਿਨ੍ਹਾਂ ਨੂੰ ਇਸ ਗਲ ਦਾ ਨਿਸ਼ਚਾ ਹੈ ਕਿ ਰਾਜ ਸਬੰਧੀ ਠਰ੍ਹੰਮੇ ਭਰੀਆਂ ਨਜ਼ਰਾਂ ਨਾਲ਼ ਵੇਖ ਸਕਦੇ ਹਨ, ਇਹ ਦਿਸਦੀ ਹੈ। ਇਸ ਸਵਾਲ ਨੂੰ ਇਉਂ ਰੋਲ਼-ਘਚੋਲ਼ਿਆ ਅਤੇ ਪੇਚਦਾਰ ਇਸ ਲਈ ਬਣਾਇਆ ਗਿਆ ਹੈ ਕਿ ਇਹਦਾ ਹਾਕਮ ਜਮਾਤਾਂ ਦੇ ਹਿੱਤਾਂ ਉੱਤੇ ਹੋਰ ਕਿਸੇ ਸਵਾਲ ਨਾਲ਼ੋਂ ਵੱਧ ਅਸਰ ਪੈਂਦਾ ਹੈ (ਇਸ ਪੱਖੋਂ ਇਹ ਕੇਵਲ ਅਰਥ-ਵਿਗਿਆਨ ਦੇ ਅਧਾਰਾਂ ਤੋਂ ਪਿੱਛੋਂ ਆਉਂਦਾ ਹੈ)। ਰਾਜ ਦਾ ਸਿਧਾਂਤ ਸਮਾਜੀ ਵਿਸ਼ੇਸ਼-ਅਧਿਕਾਰਾਂ ਨੂੰ ਹੱਕੀ ਠਹਿਰਾਉਣ ਲਈ, ਲੁੱਟ-ਚੋਂਘ ਨੂੰ ਹੱਕੀ ਠਹਿਰਾਉਣ ਲਈ, ਸਰਮਾਏਦਾਰੀ ਦੀ ਹੋਂਦ ਨੂੰ ਹੱਕੀ ਠਹਿਰਾਉਣ ਲਈ ਕੰਮ ਆਉਂਦਾ ਹੈ-ਅਤੇ ਇਸੇ ਲਈ ਇਸ ਸਵਾਲ ਸਬੰਧੀ ਨਿਰਪੱਖਤਾ ਦੀ ਆਸ ਰੱਖਣੀ, ਇਸ ਸਵਾਲ ਨੂੰ ਇਸ ਨਿਸ਼ਚੇ ਨਾਲ਼ ਲੈਣਾ ਕਿ ਵਿਗਿਆਨਕ ਹੋਣ ਦਾ ਦਾਅਵਾ ਕਰਨ ਵਾਲ਼ੇ ਲੋਕ ਇਸ ਵਿਸ਼ੇ ਸਬੰਧੀ ਨਿਰੋਲ ਵਿਗਿਆਨਕ ਵਿਚਾਰ ਪੇਸ਼ ਕਰ ਸਕਣਗੇ, ਸਭ ਤੋਂ ਵੱਡੀ ਗ਼ਲਤੀ ਹੋਵੇਗੀ। ਜਦੋਂ ਤੁਹਾਡੀ ਇਸ ਸਵਾਲ ਨਾਲ਼ ਜਾਣ ਪਛਾਣ ਹੋ ਜਾਵੇਗੀ, ਜਦੋਂ ਤੁਸੀਂ ਇਸ ਵਿੱਚ ਕਾਫ਼ੀ ਡੂੰਘਿਆਈ ਤੱਕ ਚਲੇ ਜਾਓਗੇ ਤੁਹਾਨੂੰ ਰਾਜ ਦੇ ਸਵਾਲ ਵਿੱਚ, ਰਾਜ ਦੇ ਅਸੂਲਾਂ ਵਿੱਚ, ਰਾਜ ਦੇ ਸਿਧਾਂਤ ਵਿੱਚ ਵੱਖ-ਵੱਖ ਜਮਾਤਾਂ ਦਾ ਪ੍ਰਸਪਰ ਘੋਲ਼ ਦਿਸੇਗਾ, ਘੋਲ਼ ਜੋ ਰਾਜ ਸਬੰਧੀ ਵਿਚਾਰਾਂ ਦੇ ਟਕਰਾਅ, ਰਾਜ ਦੇ ਰੋਲ ਅਤੇ ਮਹੱਤਤਾ ਦੇ ਅਨੁਮਾਨ ਵਿੱਚ ਪ੍ਰਤੀਬਿੰਬਤ ਹੁੰਦਾ ਜਾਂ ਪ੍ਰਗਟ ਹੁੰਦਾ ਹੈ।

ਵੱਧ ਤੋਂ ਵੱਧ ਸੰਭਵ ਵਿਗਿਆਨਕ ਢੰਗ ਨਾਲ਼ ਇਸ ਸਵਾਲ ਉੱਤੇ ਵਿਚਾਰ ਕਰਨ ਲਈ ਇਹ ਲਾਜ਼ਮੀ ਹੈ ਕਿ ਅਸੀਂ ਰਾਜ ਦੀ ਉਤਪਤੀ ਅਤੇ ਵਿਕਾਸ ਉੱਤੇ ਇਤਿਹਾਸਕ

ਦ੍ਰਿਸ਼ਟੀਕੋਣ ਤੋਂ ਇੱਕ ਸਰਸਰੀ ਪਰਤਵੀਂ ਨਿਗਾਹ ਮਾਰੀਏ। ਸਮਾਜ ਵਿਗਿਆਨ ਦੇ ਕਿਸੇ ਸਵਾਲ ਸਬੰਧੀ ਸਭ ਤੋਂ ਵੱਧ ਮਹੱਤਵ-ਪੂਰਨ ਗੱਲ ਅਤੇ ਉਹ ਗੱਲ ਜਿਸਦੀ ਮਸਲੇ ਵੱਲ ਠੀਕ ਪਹੁੰਚ ਆਪਣਾਉਣ ਲਈ ਅਤੇ ਵਿਸਥਾਰ ਦੇ ਸਮੂਹ ਵਿੱਚ ਜਾਂ ਟਾਕਰਵੇਂ ਵਿਚਾਰਾਂ ਦੀ ਓੜਕਾਂ ਦੀ ਭਿੰਨਤਾ ਵਿੱਚ ਨਾ ਗੁਆਚਣ ਦੀ ਸਚ-ਮੁਚ ਆਦਤ ਪਾਉਣ ਲਈ ਮਹੱਤਤਾ ਹੈ—ਇਹ ਸਵਾਲ ਵਲ ਵਿਗਿਆਨਕ ਪਹੁੰਚ ਅਪਨਾਉਣ ਲਈ ਉਹ ਸਭ ਤੋਂ ਮਹੱਤਵ-ਪੂਰਨ ਗਲ ਹੈ ਬੁਨਿਆਦੀ ਇਤਹਿਾਸਕ ਸਬੰਧ ਨੂੰ ਨਾ ਭੁੱਲਣਾ, ਹਰ ਸਵਾਲ ਉੱਤੇ ਇਸ ਦ੍ਰਿਸ਼ਟੀਕੋਣ ਤੋਂ ਵਿਚਾਰ ਕਰਨਾ ਕਿ ਕੋਈ ਇੱਕ ਵਰਤਾਰਾ ਇਤਿਹਾਸ ਵਿੱਚ ਕਿਵੇਂ ਉੱਭਰਿਆ ਅਤੇ ਆਪਣੇ ਵਿਕਾਸ ਵਿੱਚ ਇਹ ਵਰਤਾਰ ਕਿਨ੍ਹਾਂ ਮੁੱਖ ਪੜਾਆਂ ਵਿੱਚੋਂ ਲੰਘਿਆ ਅਤੇ ਇਹਦੇ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ ਇਹ ਜਾਂਚਣਾ ਕਿ ਸਬੰਧਤ ਵਸਤੂ ਅੱਜ ਕੀ ਬਣ ਗਈ ਹੈ।

ਮੈਨੂੰ ਆਸ ਹੈ ਕਿ ਰਾਜ ਦੇ ਸਵਾਲ ਸਬੰਧੀ ਤੁਸੀਂ ਏਂਗਲਜ਼ ਦੀ ਕਿਤਾਬ 'ਪ੍ਰਵਾਰ, ਨਿੱਜੀ ਜਾਇਦਾਦ ਅਤੇ ਰਾਜ ਦਾ ਮੁੱਢ' ਨਾਲ਼ ਆਪਣੇ ਆਪ ਨੂੰ ਜਾਣੂ ਕਰੋਗੇ। ਇਹ ਅਜੋਕੇ ਸੋਸ਼ਲਿਜ਼ਮ ਦੀਆਂ ਮੂਲ ਰਚਨਾਵਾਂ ਵਿੱਚੋਂ ਇੱਕ ਹੈ, ਜਿਸ ਦਾ ਹਰ ਵਾਕ ਇਸ ਯਕੀਨ ਕਾਰਨ ਭਰੋਸੇ ਨਾਲ਼ ਪ੍ਰਵਾਨ ਕੀਤਾ ਜਾ ਸਕਦਾ ਹੈ ਕਿ ਇਹ ਅਟਕਲਪਚੂ ਢੰਗ ਨਾਲ਼ ਨਹੀਂ ਕਿਹਾ ਗਿਆ, ਸਗੋਂ ਇਹ ਅਥਾਹ ਇਤਿਹਾਸਕ ਅਤੇ ਰਾਜਸੀ ਸਮੱਗਰੀ ਦੇ ਅਧਾਰ ਉੱਤੇ ਲਿਖਿਆ ਗਿਆ। ਨਿਰਸੰਦੇਹ ਇਸ ਕਿਤਾਬ ਦੇ ਸਭ ਹਿੱਸੇ ਇੱਕੋ ਜਿਹੇ ਸਰਲ ਅਤੇ ਸਮਝ-ਆਉਣ ਵਾਲ਼ੇ ਢੰਗ ਨਾਲ਼ ਨਹੀਂ ਪੇਸ਼ ਕੀਤੇ ਗਏ; ਕੁੱਝ ਇੱਕ ਵਿੱਚ ਇਹ ਫ਼ਰਜ਼ ਕਰ ਲਿਆ ਗਿਆ ਹੈ ਕਿ ਪਾਠਕਾਂ ਨੂੰ ਪਹਿਲਾਂ ਹੀ ਇਤਿਹਾਸ ਅਤੇ ਆਰਥਕਤਾ ਦਾ ਕੁੱਝ ਗਿਆਨ ਹੈ। ਪਰ ਮੈਂ ਫੇਰ ਆਪਣੀ ਗੱਲ ਦੁਹਰਾਉਂਦਾ ਹਾਂ ਕਿ ਜੇ ਤੁਹਾਨੂੰ ਪੜ੍ਹਨ ਪਿੱਛੋਂ ਇੱਕ ਦਮ ਇਸ ਕਿਤਾਬ ਦੀ ਸਮਝ ਨਾ ਆਵੇ ਤਾਂ ਤੁਹਾਨੂੰ ਫ਼ਿਕਰ ਨਹੀਂ ਕਰਨਾ ਚਾਹੀਦਾ। ਇੰਜ ਸ਼ਾਇਦ ਹੀ ਕਿਸੇ ਨੂੰ ਸਮਝ ਆਉਂਦੀ ਹੋਵੇ। ਪਰ ਜਦੋਂ ਤੁਹਾਡੀ ਦਿਲਚਸਪੀ ਜਾਗ ਚੁੱਕੀ ਹੋਵੇਗੀ ਅਤੇ ਤੁਸੀਂ ਇਸ ਵਲ ਫੇਰ ਮੁੜੋਗੇ ਤਾਂ ਤੁਸੀਂ ਜੇ ਸਮੁੱਚੀ ਕਿਤਾਬ ਨੂੰ ਨਹੀਂ ਤਾਂ ਇਹਦੇ ਵੱਡੇ ਹਿੱਸੇ ਨੂੰ ਸਮਝਣ ਵਿੱਚ ਜ਼ਰੂਰ ਸਫ਼ਲ ਹੋ ਜਾਵੋਗੇ। ਮੈਂ ਇਸ ਕਿਤਾਬ ਦਾ ਜ਼ਿਕਰ ਇਸ ਲਈ ਕੀਤਾ ਹੈ ਕਿ ਇਹ ਦਸੇ ਗਏ ਭਾਵ ਅਨੁਸਾਰ ਇਸ ਸਵਾਲ ਵੱਲ ਠੀਕ ਪਹੁੰਚ ਦੇਂਦੀ ਹੈ। ਇਹ ਰਾਜ ਦੇ ਆਦਿ ਸਬੰਧੀ ਇਤਿਹਾਸਕ ਰੂਪ-ਰੇਖਾ ਨਾਲ਼ ਸ਼ੁਰੂ ਹੁੰਦੀ ਹੈ।

ਇਸ ਸਵਾਲ ਨੂੰ ਸਹੀ ਢੰਗ ਨਾਲ਼ ਲੈਣ, ਹਰ ਹੋਰ ਸਵਲ ਵਾਂਗ-ਮਿਸਾਲ ਵਜੋਂ ਸਰਮਾਏਦਾਰੀ ਦੇ ਆਦਿ ਦਾ ਸਵਾਲ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਚੋਂਘ, ਸੋਸ਼ਲਿਜ਼ਮ, ਸੋਸ਼ਲਿਜ਼ਮ ਕਿਵੇਂ ਉੱਭਰਿਆ, ਕਿਨ੍ਹਾਂ ਪ੍ਰਸਥਿਤੀਆਂ ਨੇ ਇਹਨੂੰ ਜਨਮ ਦਿੱਤਾ-ਹਰ ਅਜਿਹੇ ਸਵਾਲ ਨੂੰ ਨਿਗਰ ਅਤੇ ਭਰੋਸੇਯੋਗ ਢੰਗ ਨਾਲ਼ ਤਾਂ ਹੀ ਲਿਆ ਜਾ ਸਕਦਾ ਹੈ ਜੇ ਇਹਦੇ ਵਿਕਾਸ ਦੇ ਸਮੁੱਚੇ ਇਤਿਹਾਸ ਉੱਤੇ ਪਰਤਵੀਂ ਨਿਗਾਹ ਮਾਰੀਏ। ਇਸ ਸਵਾਲ ਦੇ ਸਬੰਧ ਵਿੱਚ ਸਭ ਤੋਂ ਪਹਿਲਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਦਾ ਹੀ ਰਾਜ ਦੀ ਹੋਂਦ ਨਹੀਂ ਰਹੀ। ਇੱਕ ਸਮਾਂ ਅਜਿਹਾ ਸੀ ਜਦੋਂ ਕੋਈ ਰਾਜ ਨਹੀਂ ਸੀ। ਜਿੱਥੇ ਕਿਤੇ ਅਤੇ ਜਦੋਂ ਕਿਤੇ ਸਮਾਜ ਵਿੱਚ ਜਮਾਤੀ

ਵੰਡ ਪ੍ਰਗਟ ਹੁੰਦੀ ਹੈ, ਜਿਥੇ ਕਿਤੇ ਲੋਟੂ ਅਤੇ ਪਸਿੱਤੇ ਲੋਕ ਪ੍ਰਗਟ ਹੁੰਦੇ ਹਨ, ਇਹ ਪ੍ਰਗਟ ਹੁੰਦੀ ਹੈ।

ਮਨੁੱਖ ਹਥੋਂ ਮੁਨੱਖ ਦੀ ਲੁਟ-ਚੋਂਘ ਦੇ ਪਹਿਲੇ ਰੂਪ ਪ੍ਰਗਟ ਹੋਣ ਤੋਂ ਪਹਿਲਾਂ, ਜਮਾਤਾਂ ਵਿੱਚ ਵੰਡ ਦੇ ਪਹਿਲੇ ਰੂਪ ਤੋਂ ਪਹਿਲਾਂ—ਗ਼ੁਲਾਮਾਂ ਦੇ ਮਾਲਕਾਂ ਤੇ ਗ਼ੁਲਾਮਾਂ ਦਾ ਪਿਤਰੀ ਪ੍ਰਵਾਰ ਹੁੰਦਾ ਸੀ, ਜਾਂ, ਜਿਹਾ ਕਿ ਕਦੇ ਕਦੇ ਇਹਨੂੰ ਕਿਹਾ ਜਾਂਦਾ ਹੈ, **ਕੁਲ** ਪ੍ਰਵਾਰ ਹੁੰਦਾ ਸੀ।(ਕੁਲ—ਪੀੜ੍ਹੀ, ਸਾਕੇਦਾਰੀ, ਜਦੋਂ ਲੋਕ ਸਾਕੇਦਾਰੀ ਅਤੇ ਪੀੜ੍ਹੀ ਅਨੁਸਾਰ ਇਕੱਠੇ ਰਹਿੰਦੇ ਸਨ।) ਮੁੱਢ-ਕਦੀਮੀ ਸਮਿਆਂ ਦੀਆਂ ਚੋਖੀਆਂ ਸਪਸ਼ਟ ਨਿਸ਼ਾਨੀਆਂ ਅਨੇਕ ਆਦਿ-ਕਾਲੀ ਜਨ-ਸਮੂਹਾਂ ਦੇ ਜੀਵਨ ਵਿੱਚ ਬਾਕੀ ਰਹਿ ਗਈਆਂ ਹਨ ਅਤੇ ਜੇ ਤੁਸੀਂ ਆਦਿ-ਕਾਲ ਦੇ ਸੱਭਿਆਚਾਰ ਸਬੰਧੀ ਕਿਸੇ ਵੀ ਕਿਰਤ ਨੂੰ ਲਵੋ ਤਾਂ ਤੁਹਾਨੂੰ ਇਸ ਗਲ ਦੇ ਘੱਟ ਜਾਂ ਵੱਧ ਵਧੇਰੇ ਸਪੱਸ਼ਟ ਬਿਆਨ, ਨਿਸ਼ਾਨੀਆਂ ਅਤੇ ਯਾਦਾਂ ਲਭਣਗੀਆਂ ਕਿ ਮੁੱਢ-ਕਦੀਮੀ ਕਮਿਊਨਿਜ਼ਮ ਨਾਲ਼ ਲਗ-ਭਗ ਮਿਲ਼ਦਾ ਇਕ ਸਮਾਂ ਸੀ ਜਦੋਂ ਗ਼ੁਲਾਮਾਂ ਦੇ ਮਾਲਕਾਂ ਅਤੇ ਗ਼ੁਲਾਮਾਂ ਵਿਚਕਾਰ ਵੰਡ ਨਹੀਂ ਸੀ ਹੁੰਦੀ ਅਤੇ ਉਸ ਸਮੇਂ ਕੋਈ ਰਾਜ ਨਹੀਂ ਸੀ ਹੁੰਦਾ, ਤਾਕਤ ਦੀ ਬਾਕਾਇਦਾ ਵਰਤੋਂ ਕਰਨ ਲਈ ਅਤੇ ਲੋਕਾਂ ਨੂੰ ਤਾਕਤ ਦੀ ਵਰਤੋਂ ਰਾਹੀਂ ਅਧੀਨ ਕਰਨ ਲਈ ਕੋਈ ਵਿਸ਼ੇਸ਼ ਬਣਤਰ ਨਹੀਂ ਸੀ ਹੁੰਦੀ। ਅਜਿਹੀ ਬਣਤਰ ਨੂੰ ਰਾਜ ਕਿਹਾ ਜਾਂਦਾ ਹੈ।

ਮੁੱਢ-ਕਦੀਮੀ ਸਮਾਜ ਵਿੱਚ, ਜਦੋਂ ਲੋਕ ਛੋਟੀਆਂ ਪ੍ਰਵਾਰਕ ਟੋਲੀਆਂ ਵਿੱਚ ਰਿਹਾ ਕਰਦੇ ਸੀ ਅਤੇ ਅਜੇ ਵਿਕਾਸ ਦੇ ਸਭ ਤੋਂ ਨੀਵੇਂ ਪੜਾਵਾਂ ਉੱਤੇ ਸਨ, ਜਿਹੜੀ ਹਾਲਤ ਲਗ ਭਗ ਜੰਗਲੀ ਜੀਵਨ ਦੇ ਨਾਲ਼ ਰਲ਼ਦੀ-ਮਿਲ਼ਦੀ ਸੀ —ਇੱਕ ਅਜਿਹਾ ਜੁਗ ਜਿਸ ਤੋਂ ਅਜੋਕਾ ਸੱਭਿਅਕ ਮਨੁੱਖੀ ਸਮਾਜ ਕਈ ਹਜ਼ਾਰਾਂ ਵਰ੍ਹਿਆਂ ਦੀ ਵਿੱਥ ਉਤੇ ਹੈ— ਅਜੇ ਰਾਜ ਦੀ ਹੋਂਦ ਦੀਆਂ ਕੋਈ ਨਿਸ਼ਾਨੀਆਂ ਨਹੀਂ ਮਿਲ਼ਦੀਆਂ। ਅਸੀਂ ਰਵਾਜ, ਅਧਿਕਾਰ, ਕੁਲ ਦੇ ਵਡੇਰਿਆਂ ਵਲੋਂ ਵਰਤੀ ਤਾਕਤ ਦੀ ਪਰਧਾਨਤਾ ਵੇਖਦੇ ਹਾਂ; ਅਸੀਂ ਵੇਖਦੇ ਹਾਂ ਕਿ ਕਦੇ ਕਦੇ ਇਹ ਤਾਕਤ ਇਸਤ੍ਰੀਆਂ ਨੂੰ ਦਿੱਤੀ ਜਾਂਦੀ ਸੀ— ਉਸ ਸਮੇਂ ਇਸਤ੍ਰੀਆਂ ਦੀ ਪ੍ਰਸਥਿਤੀ ਇਸਤ੍ਰੀਆਂ ਦੀ ਅਜੋਕੀ ਲਤਿੜਿਆਈ ਅਤੇ ਪਸਿੱਤੀ ਪ੍ਰਸਥਿਤੀ ਜਿਹੀ ਨਹੀਂ ਸੀ—ਪਰ ਸਾਨੂੰ ਕਿਸੇ ਵੀ ਲੋਕਾਂ ਦੀ ਕੋਈ ਖ਼ਾਸ **ਕਿਸਮ** ਨਹੀਂ ਦਿਸਦੀ ਜਿਹੜੀ ਹੋਰਨਾਂ ਉਤੇ ਹਕੂਮਤ ਕਰਨ ਲਈ ਵਖ ਕੀਤੀ ਗਈ ਹੋਵੇ ਅਤੇ ਰਾਜ ਕਰਨ ਲਈ ਅਤੇ ਰਾਜ ਕਰਨ ਦੇ ਮਨੋਰਥ ਲਈ ਬਾਕਾਇਦਾ ਅਤੇ ਸਥਾਈ ਤੌਰ 'ਤੇ ਜਬਰ ਦੀ, ਹਿੰਸਾ ਦੀ ਇੱਕ ਸਪੱਸ਼ਟ ਬਣਤਰ ਵਰਤਦੀ ਹੋਵੇ, ਜਿਸ ਦੀ ਸਾਡੇ ਵਰਤਮਾਨ ਸਮੇਂ ਵਿੱਚ ਜਿਹਾ ਕਿ ਤੁਸੀਂ ਅਨੁਭਵ ਕਰੋਗੇ, ਫ਼ੌਜਾਂ ਦੇ ਹਥਿਆਰਬੰਦ ਦਸਤੇ, ਜੇਲ੍ਹਾਂ ਅਤੇ ਹੋਰਨਾਂ ਦੀ ਇੱਛਾ ਨੂੰ ਜਬਰ ਨਾਲ਼ ਅਧੀਨ ਕਰਨ ਦੀਆਂ ਸਭ ਹੋਰ ਬਣਤਰਾਂ ਕਰਦੀਆਂ —ਉਹ ਸਭ ਕੁੱਝ ਜੋ ਰਾਜ ਦਾ ਤੱਤ ਹੈ, ਪ੍ਰਤਿਨਿਧਤਾ ਕਰਦਾ ਹੈ।

ਜੇ ਅਸੀਂ ਆਪਣੇ ਆਪ ਨੂੰ ਬੁਰਜੂਆ ਵਿਦਵਾਨਾਂ ਵਲੋਂ ਪੇਸ਼ ਕੀਤੀਆਂ ਅਖੌਤੀ ਧਾਰਮਕ ਸਿੱਖਿਆਵਾਂ, ਬਰੀਕੀਆਂ, ਦਾਰਸ਼ਨਿਕ ਦਲੀਲਾਂ ਅਤੇ ਵਿਚਾਰਾਂ ਤੋਂ ਵੱਖ ਕਰ ਲਈਏ, ਜੇ ਅਸੀਂ ਆਪਣੇ ਆਪ ਨੂੰ ਇਹਨਾਂ ਤੋਂ ਵੱਖ ਕਰ ਲਈਏ ਅਤੇ ਮਾਮਲੇ ਦੇ ਅਸਲ ਤੱਤ ਤਕ ਅਪੜਨ ਦਾ ਯਤਨ ਕਰੀਏ ਤਾਂ ਅਸੀਂ ਵੇਖਾਂਗੇ ਕਿ ਰਾਜ ਮਨੁੱਖੀ ਸਮਾਜ ਤੋਂ ਵੱਖ ਕੀਤੀ ਹੋਈ

ਸ਼ਾਸਨ ਕਰਨ ਦੀ ਬਣਤਰ ਹੀ ਹੈ। ਜਦੋਂ ਅਜਿਹੇ ਲੋਕਾਂ ਦੀ ਇੱਕ ਵਿਸ਼ੇਸ਼ ਟੋਲੀ ਪ੍ਰਗਟ ਹੁੰਦੀ ਹੈ ਜਿਸਦਾ ਕੰਮ ਕੇਵਲ ਸ਼ਾਸਨ ਕਰਨਾ ਹੈ ਅਤੇ ਹੋਰ ਕੁੱਝ ਨਹੀਂ, ਅਤੇ ਜਿਨ੍ਹਾਂ ਨੂੰ ਸ਼ਾਸਨ ਕਰਨ ਲਈ ਜਬਰ ਅਤੇ ਹੋਰਨਾਂ ਦੀ ਇੱਛਾ ਜਬਰ ਰਾਹੀਂ ਅਧੀਨ ਕਰਨ ਦੀਆਂ ਵਿਸ਼ੇਸ ਬਣਤਰਾਂ — ਜੇਲ੍ਹਾਂ, ਲੋਕਾਂ ਦੀਆਂ ਟੋਲੀਆਂ, ਫ਼ੌਜਾਂ, ਆਦਿ —ਦੀ ਲੋੜ ਪੈਂਦੀ ਹੈ, ਤਾਂ ਰਾਜ ਦਾ ਜਨਮ ਹੁੰਦਾ ਹੈ।

ਪਰ ਇੱਕ ਸਮਾਂ ਅਜਿਹਾ ਵੀ ਸੀ ਜਦੋਂ ਕੋਈ ਰਾਜ ਨਹੀਂ ਸੀ ਹੁੰਦਾ, ਜਦੋਂ ਆਮ ਸਬੰਧ, ਖ਼ੁਦ ਸਮਾਜ, ਡਸਿਪਿਲਿਨ ਅਤੇ ਕੰਮ ਦਾ ਨੇਮ, ਰਵਾਜ ਅਤੇ ਪ੍ਰੰਪਰਾ ਦੇ ਬਲ ਨਾਲ਼ ਜਾਂ ਕੁਲਾਂ ਦੇ ਵਡੇਰਿਆਂ ਜਾਂ ਇਸਤ੍ਰੀਆਂ ਨੂੰ ਪ੍ਰਾਪਤ ਅਧਿਕਾਰ ਜਾਂ ਸਤਿਕਾਰ ਦੇ ਬਲ ਰਾਹੀਂ ਕਾਇਮ ਰੱਖੇ ਜਾਂਦੇ ਸਨ। ਉਸ ਸਮੇਂ ਅਕਸਰ ਇਸਤ੍ਰੀਆਂ ਦਾ ਦਰਜਾ ਮਰਦਾਂ ਦੇ ਬਰਾਬਰ ਹੀ ਨਹੀਂ ਸੀ ਹੁੰਦਾ ਸਗੋਂ ਬਹੁਤੀ ਵਾਰੀ ਮਰਦਾਂ ਤੋਂ ਉਚੇਰਾ ਵੀ ਹੁੰਦਾ ਸੀ। ਉਸ ਸਮੇਂ ਮਨੁੱਖਾਂ ਦੀ ਵਿਸ਼ੇਸ਼ ਕਿਸਮ, ਰਾਜ ਕਰਨ ਵਿੱਚ ਮਾਹਰ—ਨਹੀਂ ਸੀ ਹੁੰਦੀ। ਇਤਿਹਾਸ ਦਸਦਾ ਹੈ ਲੋਕਾਂ ਨੂੰ ਦਬਾਉਣ ਦੀ ਵਿਸ਼ੇਸ਼ ਬਣਤਰ ਵਜੋਂ ਰਾਜ ਦਾ ਜਨਮ ਕੇਵਲ ਉੱਥੇ ਅਤੇ ਉਸ ਸਮੇਂ ਹੀ ਹੋਇਆ ਜਦੋਂ ਸਮਾਜ ਜਮਾਤਾਂ ਵਿੱਚ ਵੰਡਿਆ ਗਿਆ, ਅਰਥਾਤ ਜਦੋਂ ਅਜਿਹੀਆਂ ਟੋਲੀਆਂ ਵਿੱਚ ਵੰਡ ਹੋ ਗਈ ਜਿਨ੍ਹਾਂ ਵਿੱਚੋਂ ਕੁੱਝ ਸਥਾਈ ਤੌਰ 'ਤੇ ਦੂਜਿਆਂ ਦੀ ਕਿਰਤ ਜ਼ਬਤ ਕਰ ਲੈਣ ਦੀ ਪ੍ਰਸਥਿਤੀ ਵਿੱਚ ਹੁੰਦੇ ਹਨ, ਜਿੱਥੇ ਕੁੱਝ ਲੋਕ ਹੋਰਨਾਂ ਦੀ ਲੁੱਟ-ਚੋਂਘ ਕਰਦੇ ਹਨ।

ਅਤੇ ਸਮਾਜ ਦੀ ਜਮਾਤਾਂ ਵਿੱਚ ਇਸ ਵੰਡ ਨੂੰ ਇਤਿਹਾਸ ਦੇ ਇੱਕ ਬੁਨਿਆਦੀ ਤੱਥ ਵਜੋਂ ਸਦਾ ਯਾਦ ਰੱਖਣਾ ਚਾਹੀਦਾ ਹੈ। ਹਜ਼ਾਰਾਂ ਵਰ੍ਹਿਆਂ ਤੱਕ, ਬਿਨਾਂ ਕਿਸੇ ਛੋਟ ਦੇ ਸਭਨਾਂ ਦੇਸ਼ਾਂ ਵਿੱਚ, ਸਭਨਾਂ ਮਨੁੱਖੀ ਸਮਾਜਾਂ ਦਾ ਵਿਕਾਸ ਨੇਮ ਦੀ ਇੱਕ ਅਨੁਕੂਲਤਾ, ਇਸ ਵਿਕਾਸ ਦੀ ਇੱਕ ਬਾਕਾਇਦਗੀ ਅਤੇ ਇਕਸਾਰਤਾ ਪ੍ਰਗਟ ਕਰਦਾ ਹੈ; ਕਿਵੇਂ ਪਹਿਲਾਂ ਜਮਾਤਾਂ ਤੋਂ ਬਿਨਾਂ ਇੱਕ ਸਮਾਜ ਹੁੰਦਾ ਸੀ—ਪਹਿਲਾ ਪਿਤਰੀ, ਮੁੱਢ-ਕਦੀਮੀ ਸਮਾਜ, ਜਿਸ ਵਿੱਚ ਕੋਈ ਅਮੀਰ-ਸ਼ਾਹੀ ਨਹੀਂ ਸੀ ਹੁੰਦੀ; ਫੇਰ ਗ਼ੁਲਾਮੀ ਉੱਤੇ ਅਧਾਰਤ ਸਮਾਜ ਆਇਆ—ਗ਼ੁਲਾਮਾਂ ਦੇ ਮਾਲਕਾਂ ਦਾ ਸਮਾਜ। ਅੱਜ ਦਾ ਸਮੁੱਚਾ ਸੱਭਿਅਕ ਯੂਰਪ ਇਸ ਪੜਾਅ ਵਿੱਚੋਂ ਲੰਘਿਆ ਹੈ—ਦੋ ਹਜ਼ਾਰ ਵਰ੍ਹੇ ਪਹਿਲਾਂ ਗ਼ੁਲਾਮ-ਪ੍ਰਥਾ ਪ੍ਰਬਲ ਸੀ। ਸੰਸਾਰ ਦੇ ਹੋਰਨਾਂ ਦੇਸ਼ਾਂ ਦੀਆਂ ਕੌਮਾਂ ਵਿੱਚ ਗ਼ੁਲਾਮੀ ਦੇ ਨਿਸ਼ਾਨ ਅਜੇ ਤੱਕ ਮਿਲ਼ਦੇ ਹਨ; ਮਿਸਾਲ ਵਜੋਂ ਅੱਜ ਵੀ ਅਫ਼ਰੀਕਾ ਵਿੱਚ ਗ਼ੁਲਾਮੀ ਦੀ ਪ੍ਰਥਾ ਮਿਲ਼ਦੀ ਹੈ। ਗ਼ੁਲਾਮਾਂ ਦੇ ਮਾਲਕ ਅਤੇ ਗੁਲਾਮ ਪਹਿਲੀ ਮਹੱਤਵ-ਪੂਰਨ ਜਮਾਤੀ ਵੰਡ ਸਨ। ਪਹਿਲੀ ਟੋਲੀ ਨਾ ਕੇਵਲ ਉਪਜ ਦੇ ਸਾਧਨਾਂ ਦੀ ਮਾਲਕ ਸੀ—ਜ਼ਮੀਨ ਅਤੇ ਸੰਦ, ਭਾਵੇਂ ਉਹ ਉਸ ਸਮੇਂ ਕਿੰਨੇ ਵੀ ਪਛੜੇ ਹੋਏ ਕਿਉਂ ਨਾ ਹੋਣ—ਸਗੋਂ ਉਹ ਲੋਕਾਂ ਦੇ ਮਾਲਕ ਵੀ ਸਨ। ਇਸ ਟੋਲੀ ਨੂੰ ਗ਼ੁਲਾਮਾਂ ਦੇ ਮਾਲਕ ਕਿਹਾ ਜਾਂਦਾ ਸੀ ਜਿੱਥੇ ਕਿ ਉਹ ਲੋਕ ਜਿਹੜੇ ਕਿਰਤ ਕਰਦੇ ਸਨ ਅਤੇ ਹੋਰਨਾਂ ਲਈ ਕਿਰਤ ਮੁਹੱਈਆ ਕਰਦੇ ਸਨ, ਗ਼ੁਲਾਮ ਵਜੋਂ ਜਾਣੇ ਜਾਂਦੇ ਸਨ।

ਇਸ ਰੂਪ ਤੋਂ ਪਿੱਛੋਂ ਇਤਿਹਾਸ ਵਿੱਚ ਇੱਕ ਹੋਰ ਰੂਪ ਆਇਆ —ਜਗੀਰਦਾਰੀ। ਦੇਸਾਂ ਦੀ ਵੱਡੀ ਬਹੁ-ਗਿਣਤੀ ਵਿੱਚ ਆਪਣੇ ਵਿਕਾਸ ਦੇ ਦੌਰਾਨ ਗ਼ੁਲਾਮੀ ਖੇਤ-ਗ਼ੁਲਾਮੀ

ਵਿੱਚ ਬਦਲ ਗਈ। ਹੁਣ ਸਮਾਜ ਦੀ ਬੁਨਿਆਦੀ ਵੰਡ ਜਗਰੀਦਾਰਾਂ ਅਤੇ ਕਿਸਾਨ ਖ਼ੇਤ-ਗ਼ੁਲਾਮਾਂ ਵਿੱਚ ਸੀ। ਲੋਕਾਂ ਵਿਚਕਾਰ ਸਬੰਧਾਂ ਦਾ ਰੂਪ ਬਦਲ ਗਿਆ। ਗ਼ੁਲਾਮਾਂ ਦੇ ਮਾਲਕ ਗ਼ੁਲਾਮਾਂ ਨੂੰ ਆਪਣੀ ਜਾਇਦਾਦ ਸਮਝਦੇ ਸਨ; ਕਨੂੰਨ ਨੇ ਇਸ ਵਿਚਾਰ ਦੀ ਪੁਸ਼ਟੀ ਕੀਤੀ ਅਤੇ ਉਹ ਗ਼ੁਲਾਮ ਨੂੰ ਅਜਿਹੀ ਵਸਤ ਸਮਝਦਾ ਸੀ ਜੋ ਉੱਕਾ ਹੀ ਗ਼ੁਲਾਮਾਂ ਦੇ ਮਾਲਕ ਦੀ ਮਿਲਖ ਸੀ। ਜਿੱਥੋਂ ਤੱਕ ਕਿਸਾਨ ਖੇਤ-ਗੁਲਾਮਾਂ ਦਾ ਸਬੰਧ ਹੈ, ਜਮਾਤੀ-ਜਬਰ ਅਤੇ ਅਧੀਨਤਾ ਕਾਇਮ ਰਹੇ, ਪਰ ਇਹ ਨਹੀਂ ਸੀ ਖ਼ਿਆਲ ਕੀਤਾ ਜਾਂਦਾ ਕਿ ਜਗੀਰਦਾਰ ਵਸਤਾਂ ਵਾਂਗ ਕਿਸਾਨਾਂ ਦੇ ਮਾਲਕ ਹਨ, ਸਗੋਂ ਇਹ ਕਿ ਉਹਨਾਂ ਨੂੰ ਕੇਵਲ ਉਹਨਾਂ ਦੀ ਕਿਰਤ ਉੱਤੇ ਅਧਿਕਾਰ ਹੈ ਅਤੇ ਉਹ ਉਹਨਾਂ ਨੂੰ ਕੁੱਝ ਸੇਵਾਵਾਂ ਕਰਨ ’ਤੇ ਮਜਬੂਰ ਕਰ ਸਕਦਾ ਹੈ। ਪਰ ਜਿਹਾ ਕਿ ਤੁਸੀਂ ਜਾਣਦੇ ਹੋ, ਅਮਲ ਵਿੱਚ ਖੇਤ-ਗ਼ੁਲਾਮੀ, ਵਿਸ਼ੇਸ਼ ਤੌਰ ’ਤੇ ਰੂਸ ਵਿੱਚ ਜਿੱਥੇ ਇਹ ਸਭ ਤੋਂ ਵੱਧ ਸਮੇਂ ਤੱਕ ਰਹੀ ਅਤੇ ਜਿੱਥੇ ਇਸਨੇ ਸਭ ਤੋਂ ਘੋਰ ਰੂਪ ਧਾਰਨ ਕੀਤੇ, ਕਿਸੇ ਵੀ ਤਰ੍ਹਾਂ ਗ਼ੁਲਾਮੀ ਤੋਂ ਵਖ ਨਹੀਂ ਸੀ।

ਫੇਰ ਵਪਾਰ ਦੇ ਵਿਕਾਸ, ਸੰਸਾਰ ਮੰਡੀ ਦੇ ਹੋਂਦ ਵਿੱਚ ਆਉਣ ਅਤੇ ਸਿੱਕੇ ਦੇ ਚਲਨ ਕਾਰਨ ਜਗੀਰੂ ਸਮਾਜ ਵਿੱਚ ਇੱਕ ਨਵੀਂ ਜਮਾਤ ਪੈਦਾ ਹੋਈ—ਸਰਮਾਏਦਾਰ ਜਮਾਤ। ਜਿਣਸਾਂ, ਜਿਣਸਾਂ ਦੇ ਵਟਾਂਦਰੇ ਅਤੇ ਧਨ ਦੀ ਸ਼ਕਤੀ ਦੇ ਉੱਭਰਨ ਤੋਂ ਪੂੰਜੀ ਦੀ ਸ਼ਕਤੀ ਪੈਦਾ ਹੋਈ। ਅਠਾਰ੍ਹਵੀਂ ਸਦੀ ਵਿੱਚ—ਜਾਂ ਸਗੋਂ ਅਠਾਰ੍ਹਵੀਂ ਸਦੀ ਦੇ ਅੰਤ ਅਤੇ ਉਨ੍ਹੀਵੀਂ ਸਦੀ ਵਿੱਚ —ਦੁਨੀਆਂ ਭਰ ਵਿੱਚ ਇਨਕਲਾਬ ਆਏ। ਪੱਛਮੀ ਯੂਰਪ ਦੇ ਸਭਨਾਂ ਦੇਸ਼ਾਂ ਵਿੱਚ ਜਗੀਰਦਾਰੀ ਦਾ ਅੰਤ ਹੋ ਗਿਆ। ਸਭ ਤੋਂ ਪਿੱਛੋਂ ਇਹ ਰੂਸ ਵਿੱਚ ਹੋਇਆ। 1861 ਵਿੱਚ ਰੂਸ ਵਿੱਚ ਵੀ ਇੱਕ ਬੁਨਿਆਦੀ ਤਬਦੀਲੀ ਆਈ, ਜਿਸ ਦੇ ਸਿੱਟੇ ਵਜੋਂ ਸਮਾਜ ਦੇ ਇੱਕ ਰੂਪ ਦੀ ਥਾਂ ਇੱਕ ਹੋਰ ਰੂਪ ਨੇ ਲੈ ਲਈ— ਜਗੀਰਦਾਰੀ ਦੀ ਥਾਂ ਸਰਮਾਏਦਾਰੀ ਨੇ ਲੈ ਲਈ, ਜਿਸ ਅਧੀਨ ਜਮਾਤਾਂ ਵਿੱਚ ਵੰਡ ਕਾਇਮ ਰਹੀ ਅਤੇ ਜਗੀਰਦਾਰੀ ਦੇ ਨਿਸ਼ਾਨ ਅਤੇ ਰਹਿੰਦ-ਖੂੰਹਦ ਵੀ, ਪਰ ਜਿਸ ਅੰਦਰ ਜਮਾਤਾਂ ਵਿੱਚ ਵੰਡ ਨੇ ਬੁਨਿਆਦੀ ਤੌਰ ’ਤੇ ਇੱਕ ਨਵਾਂ ਰੂਪ ਧਾਰਨ ਕਰ ਲਿਆ।

ਸਭਨਾਂ ਸਰਮਾਏਦਾਰ ਦੇਸ਼ਾਂ ਵਿੱਚ ਪੂੰਜੀ ਦੇ ਮਾਲਕ, ਜ਼ਮੀਨ ਦੇ ਮਾਲਕ, ਮਿਲਾਂ ਅਤੇ ਕਾਰਖ਼ਾਨਿਆਂ ਦੇ ਮਾਲਕ ਵਸੋਂ ਦੀ ਨਿਗੂਣੀ ਜਿਹੀ ਘੱਟ-ਗਿਣਤੀ ਰਹੇ ਹਨ ਅਤੇ ਹਨ, ਉਹਨਾਂ ਦੀ ਸਮੁੱਚੀ ਕੌਮ ਦੀ ਕਿਰਤ ਉਤੇ ਸਰਦਾਰੀ ਹੈ ਅਤੇ ਇਹਦੇ ਸਿੱਟੇ ਵਜੋਂ ਉਹ ਕਿਰਤੀਆਂ ਦੇ ਸਮੁੱਚੇ ਸਮੂਹ ਉੱਤੇ ਹੁਕਮ ਚਲਾਉਂਦੇ ਹਨ, ਜਬਰ ਕਰਦੇ ਹਨ ਅਤੇ ਉਹਨਾਂ ਦੀ ਲੁਟ-ਚੋਂਘ ਕਰਦੇ ਹਨ। ਕਿਰਤੀਆਂ ਦੀ ਵੱਡੀ ਬਹੁਗਿਣਤੀ ਪ੍ਰੋਲੇਤਾਰੀ, ਉਜਰਤੀ ਮਜ਼ਦੂਰ ਹੈ, ਜਿਹੜੇ ਆਪਣਾ ਰੁਜ਼ਗਾਰ ਉਤਪਾਦਨ ਦੇ ਅਮਲ ਵਿੱਚ ਆਪਣੇ ਹੱਥਾਂ ਨੂੰ, ਆਪਣੀ ਕਿਰਤ ਸ਼ਕਤੀ ਨੂੰ ਵੇਚ ਕੇ ਹੀ ਪ੍ਰਾਪਤ ਕਰਦੇ ਹਨ। ਸਰਮਾਏਦਾਰੀ ਵਿੱਚ ਤਬਦੀਲੀ ਨਾਲ਼ ਕਿਸਾਨਾਂ ਦਾ, ਜਿਹੜੇ ਜਗੀਰੂ ਸਮੇਂ ਵਿੱਚ ਖਿੰਡੇ-ਪੁੰਡੇ ਅਤੇ ਲਤਿਆੜੇ ਹੁੰਦੇ ਸਨ, ਇੱਕ ਹਿੱਸਾ (ਬਹੁ-ਗਿਣਤੀ) ਪ੍ਰੋਲੇਤਾਰੀ ਵਿੱਚ ਤਬਦੀਲ ਹੋ ਗਿਆ ਅਤੇ ਇੱਕ ਹਿੱਸਾ (ਘੱਟ-ਗਿਣਤੀ) ਧਨੀ ਕਿਸਾਨ ਬਣ ਗਿਆ ਜਿਹੜੇ ਆਮ ਕਾਮਿਆਂ ਨੂੰ ਭਾੜੇ ’ਤੇ ਰੱਖਦੇ ਅਤੇ ਜੋ

ਪੇਂਡੂ ਬੁਰਜੂਆਜ਼ੀ ਸਨ।

ਤੁਹਾਨੂੰ ਸਦਾ ਇਹ ਮੂਲ ਤੱਥ—ਸਮਾਜ ਦੀ ਗ਼ੁਲਾਮੀ ਦੇ ਮੁੱਢ-ਕਦੀਮੀ ਰੂਪਾਂ ਤੋਂ ਖੇਤ-ਗ਼ੁਲਾਮੀ ਅਤੇ ਅੰਤ ਸਰਮਾਏਦਾਰੀ ਤਕ ਤਬਦੀਲੀ— ਨੂੰ ਚੇਤੇ ਰੱਖਣਾ ਚਾਹੀਦਾ ਹੈ, ਕਿਉਂਕਿ ਕੇਵੇਲ ਇਸ ਮੂਲ ਤੱਥ ਨੂੰ ਯਾਦ ਰੱਖ ਕੇ ਹੀ, ਸਭਨਾਂ ਰਾਜਸੀ ਸਿਧਾਂਤਾਂ ਨੂੰ ਇਸ ਮੂਲ ਢਾਂਚੇ ਵਿੱਚ ਰੱਖ ਕੇ ਹੀ ਤੁਸੀਂ ਇਹਨਾਂ ਸਿਧਾਂਤਾਂ ਦਾ ਮੁਲੰਕਣ ਕਰ ਸਕੋਗੇ ਅਤੇ ਇਹ ਸਮਝ ਸਕੋਗੇ ਕਿ ਉਹਨਾਂ ਦਾ ਸਬੰਧ ਕਿਸ ਗਲ ਨਾਲ਼ ਹੈ; ਕਿਉਂਕਿ ਮਨੁੱਖਜਾਤੀ ਦੇ ਇਤਹਿਾਸ ਵਿੱਚ ਇਹਨਾਂ ਵਿੱਚੋਂ ਹਰ ਇੱਕ ਮਾਹਨ ਯੁੱਗ-ਗ਼ੁਲਾਮਦਾਰੀ, ਜਗੀਰਦਾਰ ਅਤੇ ਸਰਮਾਏਦਾਰੀ —ਵੀਹਾਂ ਅਤੇ ਸੈਆਂ ਸਦੀਆਂ ਉੱਤੇ ਫੈਲਿਆ ਹੋਇਆ ਅਤੇ ਰਾਜਸੀ ਰੂਪਾਂ ਦੀ ਅਜਿਹੀ ਵੱਡੀ ਮਾਤਰਾ, ਰਾਜਸੀ ਸਿਧਾਂਤਾ, ਵਿਚਾਰਾਂ ਅਤੇ ਇਨਕਲਾਬਾਂ ਦੀ ਏਨੀ ਭਿੰਨਤਾ ਪੇਸ਼ ਕਰਦਾ ਹੈ ਕਿ ਇਹ ਅਤਿ ਦੀ ਭਿੰਨਤਾ ਅਤੇ ਅਤਿ-ਅੰਤ ਵੰਨ-ਸੁਵੰਨਤਾ ਤਾਂ ਹੀ ਸਮਝੀ ਜਾ ਸਕਦੀ ਹੈ— ਖ਼ਾਸ ਤੌਰ ’ਤੇ ਬੁਰਜੂਆ ਆਲਮਾਂ ਅਤੇ ਰਾਜਸੀ ਨੇਤਾਵਾਂ ਦੇ ਰਾਜਸੀ, ਦਾਰਸ਼ਨਿਕ ਅਤੇ ਹੋਰ ਸਿਧਾਂਤਾਂ ਦੇ ਸਬੰਧ ਵਿੱਚ —ਜੇ ਰਾਹ-ਵਿਖਾਊ ਤੰਦ ਵਜੋਂ, ਸਮਾਜ ਦੀ ਜਮਾਤਾਂ ਵਿੱਚ ਇਸ ਵੰਡ ਨੂੰ, ਜਮਾਤੀ ਰਾਜ ਦੇ ਰੂਪ ਵਿੱਚ ਇਸ ਤਬਦੀਲੀ ਨੂੰ ਮੁੱਖ ਰਖਿਆ ਜਾਵੇ ਅਤੇ ਸਭਨਾਂ ਸਵਾਲਾਂ— ਆਰਥਕ, ਰਾਜਸੀ, ਆਤਮਕ, ਧਾਰਮਕ, ਆਦਿ — ਨੂੰ ਇਸੇ ਦ੍ਰਿਸ਼ਟੀਕੋਣ ਤੋਂ ਪਰਖਿਆ ਜਾਵੇ।

ਜੇ ਤੁਸੀਂ ਇਸ ਮੂਲ ਵੰਡ ਦੇ ਦ੍ਰਿਸ਼ਟੀਕੋਣ ਤੋਂ ਰਾਜ ਨੂੰ ਪਰਖੋ ਤਾਂ ਤੁਸੀਂ ਵੇਖੋਗੇ ਕਿ, ਜਿਹਾ ਕਿ ਮੈਂ ਪਹਿਲੇ ਕਹਿ ਚੁੱਕਾ ਹਾਂ, ਸਮਾਜ ਦੀ ਜਮਾਤਾਂ ਵਿੱਚ ਵੰਡ ਤੋਂ ਪਹਿਲਾਂ ਰਾਜ ਦੀ ਕੋਈ ਹੋਂਦ ਨਹੀਂ ਸੀ। ਪਰ ਜਿਉਂ ਜਿਉਂ ਜਮਾਤਾਂ ਵਿੱਚ ਸਮਾਜੀ ਵੰਡ ਪੈਦਾ ਹੋਈ ਅਤੇ ਇਹਦੀਆਂ ਜੜ੍ਹਾਂ ਪੱਕੀਆਂ ਹੋ ਗਈਆਂ, ਜਿਉਂ ਜਿਉਂ ਜਮਾਤੀ ਸਮਾਜ ਪ੍ਰਗਟ ਹੋਇਆ, ਰਾਜ ਵੀ ਹੋਂਦ ਵਿੱਚ ਆ ਗਿਆ ਅਤੇ ਇਹਦੀਆਂ ਜੜ੍ਹਾਂ ਪੱਕੀਆਂ ਹੋ ਗਈਆਂ। ਮਨੁੱਖਜਾਤੀ ਦੇ ਇਤਿਹਾਸ ਵਿੱਚ ਵੀਹਾਂ ਅਤੇ ਸੈਂਕੜੇ ਅਜਿਹੇ ਦੇਸ਼ ਹਨ ਜਿਹੜੇ ਗ਼ੁਲਾਮਦਾਰੀ, ਜਗੀਰਦਾਰੀ ਅਤੇ ਸਰਮਾਏਦਾਰੀ ਵਿੱਚੋਂ ਲੰਘੇ ਹਨ ਜਾਂ ਲੰਘ ਰਹੇ ਹਨ। ਇਹਨਾਂ ਵਿੱਚੋਂ ਹਰ ਇੱਕ ਦੇਸ਼ ਵਿੱਚ, ਉਹਨਾਂ ਸਭਨਾਂ ਧੜਵੈਲ ਇਤਿਹਾਸਕ ਤਬਦੀਲੀਆਂ ਦੇ ਬਾਵਜੂਦ ਜੋ ਵਾਪਰੀਆਂ ਹਨ, ਗ਼ੁਲਾਮਦਾਰੀ ਤੋਂ ਖੇਤ-ਗ਼ਲੁਾਮੀ ਰਾਹੀਂ ਸਰਮਾਏਦਾਰੀ ਵਿੱਚ ਤਬਦੀਲੀ ਅਤੇ ਸਰਮਾਏਦਾਰੀ ਵਿਰੁੱਧ ਅਜੋਕੇ ਸੰਸਾਰ-ਵਿਆਪੀ ਘੋਲ਼ ਵਿੱਚ ਮਨੁੱਖਜਾਤੀ ਦੇ ਇਸ ਵਿਕਾਸ ਨਾਲ਼ ਸਬੰਧਤ ਸਭਨਾਂ ਉਤਾਰ-ਚੜ੍ਹਾਵਾਂ ਅਤੇ ਇਨਕਲਾਬਾਂ ਦੇ ਬਾਵਜੂਦ ਤੁਹਾਨੂੰ ਸਦਾ ਰਾਜ ਦਾ ਉੱਭਰਨਾ ਦਿਸੇਗਾ। ਇਹ ਸਦਾ ਹੀ ਇੱਕ ਖ਼ਾਸ ਬਣਤਰ ਸੀ ਜਿਹੜੀ ਸਮਾਜ ਤੋਂ ਨਿਖੜ ਗਈ ਅਤੇ ਜਿਸ ਵਿੱਚ ਲੋਕਾਂ ਦੀ ਇੱਕ ਟੋਲੀ ਸ਼ਾਮਲ ਸੀ ਜਿਨ੍ਹਾਂ ਦਾ ਇਕੋ ਇੱਕ ਕੰਮ, ਜਾਂ ਲਗਭਗ ਇੱਕੋ ਇੱਕ ਕੰਮ ਜਾਂ ਮੁੱਖ ਕੰਮ ਰਾਜ ਕਰਨਾ ਸੀ। ਲੋਕਾਂ ਦੀ ਮਹਿਕੂਮਾਂ ਅਤੇ ਰਾਜ ਕਰਨ ਵਿੱਚ ਮਾਹਰਾਂ ਵਿੱਚ, ਜਿਹੜੇ ਸਮਾਜ ਤੋਂ ਉੱਪਰ ਉੱਠ ਜਾਂਦੇ ਹਨ ਅਤੇ ਹਾਕਮ, ਰਾਜ ਦੇ ਪ੍ਰਤਿਨਿਧ ਅਖਵਾਉਂਦੇ ਹਨ, ਵੰਡ ਹੋ ਗਈ। ਇਹ ਬਣਤਰ, ਲੋਕਾਂ ਦੀ ਇਸ ਟੋਲੀ, ਜੋ ਦੂਜਿਆਂ ਉੱਪਰ ਰਾਜ ਕਰਦੀ ਹੈ, ਸਦਾ ਹੀ ਜਬਰ ਦੇ ਕੁੱਝ ਸਾਧਨਾਂ ’ਤੇ, ਸਰੀਰਕ ਸ਼ਕਤੀ ’ਤੇ

ਕਬਜ਼ਾ ਕਰ ਲੈਂਦੀ ਹੈ। ਇਸ ਗਲ ਨਾਲ਼ ਕੋਈ ਫ਼ਰਕ ਨਹੀਂ ਪੈਂਦਾ ਕਿ ਜਨਤਾ ਉੱਤੇ ਇਹ ਹਿੰਸਾ ਇੱਕ ਮੁੱਢ-ਕਾਲੀ ਡੰਡੇ ਨਾਲ਼ ਕੀਤੀ ਜਾਂਦੀ ਹੈ ਜਾਂ ਗ਼ੁਲਾਮਦਾਰੀ ਦੇ ਯੁੱਗ ਵਿੱਚ ਵਧੇਰੇ ਨਿਪੁੰਨ ਸ਼ਸਤਰਾਂ ਨਾਲ਼ ਜਾਂ ਅਗਨ-ਸ਼ਸਤਰਾਂ ਨਾਲ਼ ਜਿਹੜੇ ਮੱਧ-ਕਾਲ ਵਿੱਚ ਪੈਦਾ ਹੋਏ, ਜਾਂ ਅੰਤ, ਨਵੀਨ ਹਥਿਆਰਾਂ ਨਾਲ਼ ਜਿਹੜੇ ਵੀਹਵੀਂ ਸਦੀ ਵਿੱਚ ਤਕਨੀਕ ਦੇ ਅਜੂਬੇ ਹਨ ਅਤੇ ਉੱਕਾ ਹੀ ਨਵੀਨ ਟੈਕਨਾਲੋਜੀ ਦੀਆਂ ਅਤਿ-ਅੰਤ ਨਵੀਨ ਪ੍ਰਾਪਤੀਆਂ ਉੱਤੇ ਅਧਾਰਤ ਹਨ। ਹਿੰਸਾ ਦੇ ਢੰਗ ਬਦਲੇ ਗਏ, ਪਰ ਜਿੱਥੇ ਕਿਧਰੇ ਵੀ ਰਾਜ ਦੀ ਹੋਂਦ ਸੀ, ਉੱਥੇ ਹੀ ਹਰ ਸਮਾਜ ਵਿੱਚ ਲੋਕਾਂ ਦੀ ਇੱਕ ਟੋਲੀ ਸੀ ਜਿਹੜੀ ਸ਼ਾਸਨ ਕਰਦੀ, ਜਿਹੜੀ ਹੁਕਮ ਦੇਂਦੀ, ਹੋਰਨਾਂ ਉੱਤੇ ਦਾਬਾ ਰੱਖਦੀ ਅਤੇ ਜਿਸ ਕੋਲ਼ ਆਪਣਾ ਦਾਬਾ ਕਾਇਮ ਰੱਖਣ ਲਈ ਸਰੀਰਕ ਜਬਰ ਦਾ ਸਾਧਨ ਹੁੰਦਾ, ਹਿੰਸਾ ਦਾ ਸਾਧਨ ਹੁੰਦਾ, ਜਿਸ ਵਿੱਚ ਅਜਿਹੇ ਹਥਿਆਰ ਸ਼ਾਮਲ ਹੁੰਦੇ ਜਿਹੜੇ ਸਬੰਧਤ ਯੁੱਗ ਦੀ ਤਕਨੀਕੀ ਪਧਰ ਦੇ ਅਨੁਸਾਰੀ ਹੁੰਦੇ। ਅਤੇ ਕੇਵਲ ਇਹਨਾਂ ਆਮ ਵਰਤਾਰਿਆਂ ਨੂੰ ਪਰਖ ਕੇ, ਆਪਣੇ ਆਪ ਤੋਂ ਇਹ ਪੁੱਛ ਕੇ ਕਿ ਜਦੋਂ ਕੋਈ ਜਮਾਤਾਂ ਨਹੀਂ ਸਨ, ਜਦੋਂ ਲੁੱਟ-ਚੋਂਘ ਕਰਨ ਵਾਲ਼ਿਆਂ ਅਤੇ ਲੁੱਟੇ ਜਾਣ ਵਾਲ਼ਿਆਂ ਦੀ ਹੋਂਦ ਨਹੀਂ, ਰਾਜ ਦੀ ਹੋਂਦ ਕਿਉਂ ਨਹੀਂ ਸੀ—ਕੇਵਲ ਇਸੇ ਢੰਗ ਨਾਲ਼ ਹੀ ਸਾਨੂੰ ਰਾਜ ਦੇ ਤੱਤ ਅਤੇ ਇਹਦੀ ਮਹੱਤਤਾ ਦੇ ਸਵਾਲ ਦਾ ਨਿਸ਼ਚਤ ਜਵਾਬ ਮਿਲ਼ੇਗਾ।

ਰਾਜ ਇੱਕ ਜਮਾਤ ਉੱਪਰ ਦੂਜੀ ਜਮਾਤ ਦਾ ਸ਼ਾਸਨ ਕਾਇਮ ਰਖਣ ਦੀ ਮਸ਼ੀਨ ਹੈ। ਜਦੋਂ ਸਮਾਜ ਵਿੱਚ ਕੋਈ ਜਮਾਤਾਂ ਨਹੀਂ ਸਨ, ਗ਼ੁਲਾਮਦਾਰੀ ਦੇ ਯੁੱਗ ਤੋਂ ਪਹਿਲਾਂ, ਲੋਕ ਵਧੇਰੇ ਬਰਾਬਰੀ ਦੀਆਂ ਮੁੱਢ-ਕਦੀਮੀ ਪ੍ਰਸਥਿਤੀਆਂ ਵਿੱਚ ਸਨ, ਅਜਿਹੀਆਂ ਪ੍ਰਸਥਿਤੀਆਂ ਵਿੱਚ ਜਦੋਂ ਕਿਰਤ ਦੀ ਉਪਜਾਇਕਤਾ ਆਪਣੀ ਨੀਵੀਂ ਤੋਂ ਨੀਵੀਂ ਪੱਧਰ ਉੱਤੇ ਸੀ ਅਤੇ ਜਦੋਂ ਮੁੱਢ-ਕਦੀਮੀ ਮਨੁੱਖ ਭੈੜੀ ਤੋਂ ਭੈੜੀ ਹੋਂਦ ਅਤੇ ਮੁੱਢ-ਕਦੀਮੀ ਹੋਂਦ ਲਈ ਲੋੜੀਂਦੀਆਂ ਵਸਤਾਂ ਹੀ ਪੈਦਾ ਕਰ ਸਕਦਾ ਸੀ, ਉਸ ਸਮੇਂ ਲੋਕਾਂ ਦੀ ਇੱਕ ਵਿਸ਼ੇਸ਼ ਟੋਲੀ, ਜਿਹੜੀ ਸਮਾਜ ਉੱਤੇ ਸ਼ਾਸਨ ਕਰਨ ਅਤੇ ਦਾਬਾ ਕਾਇਮ ਰੱਖਣ ਲਈ ਵਿਸ਼ੇਸ਼ ਤੌਰ 'ਤੇ ਨਿਖੜ ਗਈ ਹੋਵੇ, ਅਜੇ ਪੈਦਾ ਨਹੀਂ ਸੀ ਹੋਈ ਅਤੇ ਪੈਦਾ ਨਹੀਂ ਸੀ ਹੋ ਸਕਦੀ। ਕੇਵਲ ਉਸ ਸਮੇਂ ਹੀ ਜਦੋਂ ਸਮਾਜ ਦੀ ਜਮਾਤਾਂ ਵਿੱਚ ਵੰਡ ਦਾ ਪਹਿਲਾ ਰੂਪ ਪ੍ਰਗਟ ਹੋਇਆ, ਜਦੋਂ ਲੋਕਾਂ ਦੀ ਇੱਕ ਸਪੱਸ਼ਟ ਜਮਾਤ ਖੇਤੀ ਦੇ ਕੰਮ ਦੇ ਅਤਿ-ਅੰਤ ਅਨਘੜ ਰੂਪਾਂ ਉਤੇ ਕੇਂਦਰਤ ਹੁੰਦਿਆਂ, ਕੁੱਝ ਵਾਧੂ ਉਪਜ ਕਰ ਸਕੀ, ਜਦੋਂ ਇਹ ਵਾਧੂ ਉਪਜ ਗ਼ੁਲਾਮ ਦੀ ਅਤਿ-ਅੰਤ ਹੀਣੀ ਹੋਂਦ ਲਈ ਉੱਕਾ ਹੀ ਲਾਜ਼ਮੀ ਨਹੀਂ ਸੀ ਅਤੇ ਗ਼ੁਲਾਮਾਂ ਦੇ ਮਾਲਕਾਂ ਦੇ ਹੱਥਾਂ ਵਿੱਚ ਚਲੀ ਗਈ, ਜਦੋਂ ਇਸ ਢੰਗ ਨਾਲ਼ ਗ਼ੁਲਾਮਾਂ ਦੇ ਮਾਲਕਾਂ ਦੀ ਇੱਕ ਜਮਾਤ ਦੀਆਂ ਜੜ੍ਹਾਂ ਪੱਕੀਆਂ ਹੋ ਗਈਆਂ—ਉਦੋਂ ਇਹਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਇਹ ਲਾਜ਼ਮੀ ਸੀ ਕਿ ਰਾਜ ਹੋਂਦ ਵਿੱਚ ਆਵੇ।

ਅਤੇ ਇਹ ਹੋਂਦ ਵਿੱਚ ਆ ਗਿਆ—ਗ਼ੁਲਾਮਦਾਰੀ ਰਾਜ, ਇੱਕ ਅਜਿਹੀ ਬਣਤਰ ਜਿਸਨੇ ਗ਼ੁਲਾਮਾਂ ਦੇ ਮਾਲਕਾਂ ਨੂੰ ਸੱਤ੍ਹਾ ਦਿੱਤੀ ਅਤੇ ਉਹਨਾਂ ਨੂੰ ਗ਼ੁਲਾਮਾਂ ਉੱਤੇ ਸ਼ਾਸਨ ਕਰਨ ਯੋਗ ਬਣਾਇਆ। ਸਮਾਜ ਅਤੇ ਰਾਜ ਦੋਵੇਂ ਉਸ ਸਮੇਂ ਅੱਜ ਨਾਲੋਂ ਕਿਤੇ ਛੁਟੇਰੇ ਸਨ, ਉਹਨਾਂ ਕੋਲ਼ ਅੱਜ ਦੇ ਤੁਲ ਅਤਿ-ਅੰਤ ਕਮਜ਼ੋਰ ਸੰਚਾਰ ਦੇ ਸਾਧਨ ਸਨ—ਉਸ ਸਮੇਂ ਸੰਚਾਰ ਦੇ

ਨਵੀਨ ਸਾਧਨਾਂ ਦੀ ਹੋਂਦ ਨਹੀਂ ਸੀ। ਪਹਾੜ, ਦਰਿਆ ਅਤੇ ਸਾਗਰ ਅੱਜ ਦੇ ਮੁਕਾਬਲੇ ਉੱਤੇ ਅਸੀਮ ਹੱਦ ਤੱਕ ਵਡੇਰੀਆਂ ਔਕੜਾਂ ਸਨ ਅਤੇ ਰਾਜ ਦੀ ਬਣਤਰ ਸੌੜੇਰੀਆਂ ਭੂਗੋਲਕ ਹੱਦਾਂ ਤੱਕ ਸੀਮਤ ਸੀ। ਤਕਨੀਕੀ ਤੌਰ ’ਤੇ ਕਮਜ਼ੋਰ ਰਾਜ ਬਣਤਰ ਟਾਕਰੇ ਉੱਤੇ ਕਿਤੇ ਸੌੜੇਰੀਆਂ ਭੂਗੋਲਕ ਹੱਦਾਂ ਅੰਦਰ ਸੀਮਤ ਰਿਆਸਤ ਦੀਆਂ ਲੋੜਾਂ ਲਈ ਕਾਫ਼ੀ ਸੀ। ਪਰ ਇਕ ਅਜਿਹੀ ਬਣਤਰ ਦੀ ਹੋਂਦ ਤਾਂ ਸੀ ਜਿਹੜੀ ਗ਼ੁਲਾਮਾਂ ਨੂੰ ਗ਼ੁਲਾਮੀ ਵਿੱਚ ਰਹਿਣ ’ਤੇ ਮਜਬੂਰ ਕਰਦੀ, ਜਿਹੜੀ ਸਮਾਜ ਦੇ ਇੱਕ ਹਿੱਸੇ ਨੂੰ ਦੂਜੇ ਹਿੱਸੇ ਦੇ ਅਧੀਨ ਅਤੇ ਉਹਦੇ ਜਬਰ ਹੇਠ ਰੱਖਦੀ। ਜਬਰ ਦੀ ਸਥਾਈ ਬਣਤਰ ਤੋਂ ਬਿਨਾਂ ਸਮਾਜ ਦੇ ਵਡੇਰੇ ਹਿੱਸੇ ਨੂੰ ਸਮਾਜ ਦੇ ਬਾਕੀ ਦੇ ਹਿੱਸੇ ਲਈ ਨੇਮ-ਬੱਧ ਢੰਗ ਨਾਲ਼ ਕੰਮ ਕਰਨ ਲਈ ਮਜਬੂਰ ਕਰਨਾ ਅਸੰਭਵ ਹੈ। ਜਿੰਨਾਂ ਚਿਰ ਜਮਾਤਾਂ ਨਹੀਂ ਸਨ, ਅਜਿਹੀ ਕੋਈ ਬਣਤਰ ਨਹੀਂ ਸੀ। ਜਦੋਂ ਜਮਾਤਾਂ ਹੋਂਦ ਵਿੱਚ ਆ ਗਈਆਂ, ਜਿਉਂ ਜਿਉਂ ਹਰ ਥਾਂ ਅਤੇ ਸਦਾ ਇਹ ਵੰਡ ਵਧੀ ਅਤੇ ਪਕੇਰੀ ਤਰ੍ਹਾਂ ਸਥਾਪਤ ਹੁੰਦੀ ਗਈ, ਇੱਕ ਵਿਸ਼ੇਸ਼ ਸੰਸਥਾ—ਰਾਜ ਹੋਂਦ ਵਿੱਚ ਆਇਆ। ਰਾਜ ਦੇ ਰੂਪ ਅਤਿ ਭਿੰਨ ਭਿੰਨ ਸਨ। ਗ਼ੁਲਾਮੀ ਦੇ ਸਮੇਂ ਅਸੀਂ ਉਸ ਸਮੇਂ ਦੀਆਂ ਕਦਰਾਂ ਅਨੁਸਾਰ ਸਭ ਤੋਂ ਵਿਕਸਤ, ਸੱਭਿਆਚਾਰ ਅਤੇ ਸੱਭਿਅਕ ਦੇਸ਼ਾਂ ਵਿੱਚ ਰਾਜ ਦੇ ਭਿੰਨ ਭਿੰਨ ਰੂਪ ਵੇਖਦੇ ਹਾਂ —ਮਿਸਾਲ ਵਜੋਂ ਪ੍ਰਾਚੀਨ ਯੂਨਾਨ ਅਤੇ ਰੋਮ ਵਿੱਚ ਜਿਨ੍ਹਾਂ ਦਾ ਸਮੁੱਚਾ ਅਧਾਰ ਗ਼ੁਲਾਮੀ ਸੀ, ਉਸ ਸਮੇਂ ਵੀ ਬਾਦਸ਼ਾਹੀ ਅਤੇ ਜਮਹੂਰੀਅਤ ਵਿਚਕਾਰ, ਅਮੀਰਸ਼ਾਹੀ ਅਤੇ ਗਣ-ਰਾਜ ਵਿਚਕਾਰ ਫ਼ਰਕ ਪੈਦਾ ਹੋਣ ਲੱਗ ਪਿਆ ਸੀ। ਬਾਦਸ਼ਾਹੀ ਇਕੋ ਮਨੁੱਖ ਦੀ ਸੱਤ੍ਹਾ ਹੈ, ਗਣ-ਰਾਜ ਕਿਸੇ ਵੀ ਅਣ-ਚੁਣੀ ਸੱਤ੍ਹਾ ਦੀ ਅਣ-ਹੋਂਦ ਹੈ; ਜਮਹੂਰੀਅਤ ਲੋਕਾਂ ਦੀ ਸੱਤ੍ਹਾ ਹੈ (ਯੂਨਾਨੀ ਭਾਸ਼ਾ ਵਿੱਚ ਜਮਹੂਰੀਅਤ ਦੇ ਲਫ਼ਜ਼ੀ ਅਰਥ ਜਨਤਾ ਦੀ ਸੱਤ੍ਹਾ ਹੈ)। ਇਹ ਸਾਰੇ ਫ਼ਰਕ ਗ਼ੁਲਾਮੀ ਦੇ ਯੁੱਗ ਵਿੱਚ ਪੈਦਾ ਹੋਏ। ਇਹਨਾਂ ਸਭਨਾਂ ਫਰਕਾਂ ਦੇ ਬਾਵਜੂਦ ਗ਼ੁਲਾਮਦਾਰੀ ਯੁੱਗ ਦਾ ਰਾਜ ਗ਼ੁਲਾਮਦਾਰੀ ਰਾਜ ਸੀ। ਭਾਵੇਂ ਉਹ ਬਾਦਸ਼ਾਹੀ ਸੀ ਜਾਂ ਜਮਹੂਰੀਅਤ, ਅਮੀਰਸ਼ਾਹੀ ਸੀ ਜਾਂ ਗਣ-ਰਾਜ।

ਪ੍ਰਾਚੀਨ ਸਮਿਆਂ ਦੇ ਇਤਿਹਾਸ ਸਬੰਧੀ ਹਰ ਪਾਠ-ਕ੍ਰਮ ਵਿੱਚ ਇਸ ਵਿਸ਼ੇ ਉੱਤੇ ਲੈਕਚਰ ਸੁਣਦੇ ਹੋਏ ਤੁਸੀਂ ਉਸ ਘੋਲ਼ ਦਾ ਜ਼ਿਕਰ ਸੁਣੋਂਗੇ ਜਿਹੜਾ ਬਾਦਸ਼ਾਹੀ ਅਤੇ ਜਮਹੂਰੀ ਰਾਜਾਂ ਵਿਚਕਾਰ ਹੋਇਆ। ਪਰ ਬੁਨਿਆਦੀ ਤੱਥ ਇਹ ਹੈ ਕਿ ਗ਼ੁਲਾਮਾਂ ਨੂੰ ਮਨੁੱਖ ਨਹੀਂ ਸੀ ਸਮਝਿਆ ਜਾਂਦਾ—ਨਾ ਕੇਵਲ ਉਹਨਾਂ ਨੂੰ ਸ਼ਹਿਰੀ ਨਹੀਂ ਸੀ ਸਮਝਿਆ ਜਾਂਦਾ ਸਗੋਂ ਉਹਨਾਂ ਨੂੰ ਮਨੁੱਖ ਵੀ ਨਹੀਂ ਸੀ ਸਮਝਿਆ ਜਾਂਦਾ। ਰੋਮ ਦਾ ਕਨੂੰਨ ਉਹਨਾਂ ਨੂੰ ਵਸਤਾਂ ਸਮਝਦਾ ਸੀ। ਮਨੁੱਖੀ ਰੱਖਿਆ ਦੇ ਹੋਰਨਾਂ ਕਨੂੰਨਾਂ ਦੀ ਤਾਂ ਗਲ ਹੀ ਨਾ ਕਰੋ, ਮਨੁੱਖ ਦੇ ਕਤਲ ਸਬੰਧੀ ਕਨੂੰਨ ਗ਼ੁਲਾਮਾਂ ਉੱਤੇ ਲਾਗੂ ਨਹੀਂ ਸੀ ਹੁੰਦਾ। ਇਹ ਕੇਵਲ ਗ਼ੁਲਾਮ ਮਾਲਕਾਂ ਦੀ ਰੱਖਿਆ ਕਰਦਾ ਸੀ ਅਤੇ ਕੇਵਲ ਉਹੋ ਹੀ ਪੂਰੇ ਹੱਕਾਂ ਵੱਲੋਂ ਸ਼ਹਿਰੀ ਸਮਝੇ ਜਾਂਦੇ ਸਨ। ਪਰ ਭਾਵੇਂ ਬਾਦਸ਼ਾਹੀ ਸਥਾਪਤ ਕੀਤੀ ਗਈ ਜਾਂ ਜਮਹੂਰੀਅਤ, ਇਹ ਗ਼ੁਲਾਮਾਂ ਦੇ ਮਾਲਕਾਂ ਦੀ ਬਾਦਸ਼ਾਹੀ ਜਾਂ ਗੁਲਾਮ ਮਾਲਕਾਂ ਦੀ ਜਮਹੂਰੀਅਤ ਸੀ। ਇਹਦੇ ਅਧੀਨ ਸੱਭੇ ਹੱਕ ਕੇਵਲ ਗ਼ੁਲਾਮ ਮਾਲਕਾਂ ਨੂੰ ਹੀ ਪ੍ਰਾਪਤ ਸਨ ਅਤੇ ਕਨੂੰਨ ਦੀਆਂ ਅੱਖਾਂ ਵਿੱਚ ਗ਼ੁਲਾਮਾਂ ਨੂੰ ਕੇਵਲ ਵਸਤਾਂ ਸਮਝਿਆ ਜਾਂਦਾ ਸੀ; ਅਤੇ ਨਾ ਕੇਵਲ ਗ਼ੁਲਾਮ ਵਿਰੁੱਧ ਹਰ ਤਰ੍ਹਾਂ ਦੀ ਹਿੰਸਾ ਕੀਤੀ ਜਾ ਸਕਦੀ ਸੀ ਸਗੋਂ

ਗ਼ੁਲਾਮ ਦੇ ਕਤਲ ਨੂੰ ਵੀ ਜੁਰਮ ਨਹੀਂ ਸੀ ਸਮਝਿਆ ਜਾਂਦਾ। ਆਪਣੀ ਅੰਦਰਲੀ ਜਥੇਬੰਦੀ ਦੇ ਪੱਖੋਂ ਗ਼ੁਲਾਮਦਾਰੀ ਰਾਜ ਵੱਖ-ਵੱਖ ਸਨਃ ਉਹ ਅਮੀਰਸ਼ਾਹੀ ਜਮਹੂਰੀਅਤਾਂ ਅਤੇ ਗਣ-ਰਾਜੀ ਜਮਹੂਰੀਅਤਾਂ ਸਨ। ਅਮਰੀਸ਼ਾਹੀ ਜਮਹੂਰੀਅਤ ਵਿੱਚ ਵਿਸ਼ੇਸ਼ ਅਧਿਕਾਰਾਂ ਵਾਲ਼ੇ ਲੋਕਾਂ ਦੀ ਇੱਕ ਛੋਟੀ ਜਿਹੀ ਗਿਣਤੀ ਚੋਣਾਂ ਵਿੱਚ ਹਿੱਸਾ ਲੈਂਦੀ : ਗਣਰਾਜੀ ਜਮਹੂਰੀਅਤ ਵਿੱਚ ਹਰ ਇੱਕ ਚੋਣਾਂ ਵਿੱਚ ਹਿੱਸਾ ਲੈਂਦਾ—ਪਰ ਇੱਕ ਵਾਰ ਫੇਰ ਕੇਵਲ ਗ਼ੁਲਾਮਾਂ ਦੇ ਮਾਲਕ, ਗ਼ੁਲਾਮਾਂ ਤੋਂ ਬਿਨਾਂ ਸਭੇ। ਇਸ ਬੁਨਿਆਦੀ ਤੱਥ ਨੂੰ ਮੁੱਖ ਰੱਖਣਾ ਲਾਜ਼ਮੀ ਹੈ ਕਿਉਂਕਿ ਕਿਸੇ ਹੋਰ ਤੱਥ ਨਾਲ਼ੋਂ ਵਧੇਰੇ ਇਹ ਰਾਜ ਦੇ ਸਵਾਲ ਉੱਤੇ ਚਾਨਣਾ ਪਾਉਂਦਾ ਹੈ ਅਤੇ ਰਾਜ ਦੇ ਤੱਤ ਨੂੰ ਸਪੱਸ਼ਟਤਾ ਨਾਲ਼ ਦਰਸਾਉਂਦਾ ਹੈ।

ਰਾਜ ਇੱਕ ਜਮਾਤ ਵੱਲੋਂ ਦੂਜੀ ਜਮਾਤ ਉੱਤੇ ਜਬਰ ਦੀ ਮਸ਼ੀਨ ਹੈ, ਦੂਜੀਆਂ, ਅਧੀਨ ਬਣਾਈਆਂ ਜਮਾਤਾਂ ਨੂੰ ਇੱਕ ਜਮਾਤ ਦੀ ਆਗਿਆਕਾਰ ਬਣਾਉਣ ਦੀ ਮਸ਼ੀਨ। ਇਸ ਮਸ਼ੀਨ ਦੇ ਵੱਖ ਵੱਖ ਰੂਪ ਹਨ। ਗ਼ੁਲਾਮਦਾਰੀ ਰਾਜ ਵਿੱਚ ਅਸੀਂ ਬਾਦਸ਼ਾਹੀ, ਅਮੀਰਸ਼ਾਹੀ ਜਮਹੂਰੀਅਤ ਜਾਂ ਇੱਥੋਂ ਤੱਕ ਕਿ ਗਣ-ਰਾਜੀ ਜਮਹੂਰੀਅਤ ਵੇਖਦੇ ਹਾਂ। ਤੱਥ ਤਾਂ ਇਹ ਹੈ ਕਿ ਹਕੂਮਤ ਦੇ ਰੂਪ ਅਤਿ ਭਿੰਨ ਭਿੰਨ ਸਨ, ਪਰ ਉਹਨਾਂ ਦਾ ਤੱਤ ਸਦਾ ਇੱਕੋ ਹੁੰਦਾਃ ਗ਼ੁਲਾਮਾਂ ਨੂੰ ਕੋਈ ਹੱਕ ਪ੍ਰਾਪਤ ਨਹੀਂ ਸਨ ਅਤੇ ਉਹ ਇੱਕ ਪਸਿੱਤੀ ਜਮਾਤ ਸਨ; ਉਹਨਾਂ ਨੂੰ ਮਨੁੱਖ ਨਹੀਂ ਸੀ ਸਮਝਿਆ ਜਾਂਦਾ। ਜਗੀਰੂ ਰਾਜ ਵਿੱਚ ਵੀ ਅਸੀਂ ਇਹੋ ਕੁੱਝ ਵੇਖਦੇ ਹਾਂ।

ਲੁੱਟ-ਚੋਂਘ ਦੇ ਰੂਪ ਵਿੱਚ ਤਬਦੀਲੀ ਨੇ ਗ਼ੁਲਾਮਦਾਰੀ ਰਾਜ ਨੂੰ ਜਗੀਰੂ ਰਾਜ ਵਿੱਚ ਤਬਦੀਲ ਕਰ ਦਿੱਤਾ। ਉਹ ਗੱਲ ਅਥਾਹ ਮਹੱਤਤਾ ਰੱਖਦੀ ਹੈ। ਗ਼ੁਲਾਮਦਾਰੀ ਰਾਜ ਵਿੱਚ ਗ਼ੁਲਾਮ ਨੂੰ ਉੱਕਾ ਕੋਈ ਹੱਕ ਪ੍ਰਾਪਤ ਨਹੀਂ ਹੁੰਦੇ ਅਤੇ ਉਹਨੂੰ ਮਨੁੱਖ ਨਹੀਂ ਸੀ ਸਮਝਿਆ ਜਾਂਦਾਃ ਜਗੀਰੂ ਸਮਾਜ ਵਿੱਚ ਕਿਸਾਨ ਜ਼ਮੀਨ ਨਾਲ਼ ਬੱਝਾ ਹੁੰਦਾ ਹੈ। ਖੇਤ-ਗ਼ੁਲਾਮੀ ਦੀ (ਅਤੇ ਉਸ ਸਮੇਂ ਕਿਸਾਨ ਬਹੁਗਿਣਤੀ ਹੁੰਦੇ ਸਨਃ ਸ਼ਹਿਰਾਂ ਦੀ ਵਸੋਂ ਦੀ ਗਿਣਤੀ ਬਹੁਤ ਹੀ ਥੋੜੀ ਹੁੰਦੀ ਸੀ) ਮੁੱਖ ਨਿਸ਼ਾਨੀ ਇਹ ਸੀ ਕਿ ਕਿਸਾਨ ਜ਼ਮੀਨ ਨਾਲ਼ ਬੱਝਾ ਹੁੰਦਾ ਸੀ—ਖੇਤ-ਗ਼ੁਲਾਮੀ ਦਾ ਅਸਲੀ ਸੰਕਲਪ ਇਥੋਂ ਹੀ ਪੈਦਾ ਹੋਇਆ*। ਕਿਸਾਨ ਜਗੀਰਦਾਰ ਵਲੋਂ ਦਿੱਤੇ ਜ਼ਮੀਨ ਦੇ ਟੋਟੇ ਉੱਤੇ ਕੁੱਝ ਨਿਸ਼ਚਿਤ ਦਿਨ ਆਪਣੇ ਲਈ ਕੰਮ ਕਰ ਸਕਦਾ ਸੀ; ਬਾਕੀ ਦਿਨੀਂ ਕਿਸਾਨ ਖੇਤ-ਗ਼ੁਲਮਾ ਨੂੰ ਆਪਣੇ ਮਾਲਕ ਲਈ ਕੰਮ ਕਰਨਾ ਪੈਂਦਾ ਸੀ। ਜਮਾਤੀ ਸਮਾਜ ਦਾ ਤੱਤ ਕਾਇਮ ਰਿਹਾਃ ਸਮਾਜ ਜਮਾਤੀ ਲੁੱਟ-ਚੋਂਘ ਉੱਤੇ ਅਧਾਰਤ ਸੀ। ਕੇਵਲ ਜਗੀਰਦਾਰਾਂ ਨੂੰ ਹੀ ਪੂਰੇ ਹੱਕ ਪ੍ਰਾਪਤ ਸਨ; ਕਿਸਾਨ ਨੂੰ ਕੋਈ ਹੱਕ ਪਾਪਤ ਨਹੀਂ ਸਨ। ਅਮਲ ਵਿੱਚ ਉਹਨਾਂ ਦੀ ਪ੍ਰਸਥਿਤੀ ਗ਼ੁਲਾਮਦਾਰੀ ਰਾਜ ਅੰਦਰ ਗ਼ੁਲਾਮਾਂ ਦੀ ਪ੍ਰਸਥਿਤੀ ਤੋਂ ਬਹੁਤ ਥੋੜੀ ਵੱਖ ਸੀ। ਪਰ ਉਹਨਾਂ ਦੀ ਮੁਕਤੀ ਲਈ, ਕਿਸਾਨ ਖੇਤ ਗੁਲਾਮ ਦੀ ਮੁਕਤੀ ਲਈ ਵਧੇਰੇ ਵਿਸ਼ਾਲ ਰਾਹ ਖੁੱਲ੍ਹ ਗਏ, ਕਿਉਂਕਿ ਖੇਤ-ਗ਼ੁਲਾਮਾਂ ਨੂੰ ਜਗੀਰਦਾਰ ਦੀ ਸਿੱਧੀ ਜਾਇਦਾਦ ਨਹੀਂ ਸੀ ਸਮਝਿਆ ਜਾਂਦਾ, ਉਹ ਆਪਣੇ ਸਮੇਂ ਦਾ ਕੁੱਝ ਹਿੱਸਾ ਜ਼ਮੀਨ ਦੇ ਆਪਣੇ ਟੋਟੇ ਉਤੇ ਕੰਮ ਕਰ ਸਕਦਾ ਸੀ,

---

* ਰੂਸੀ ਵਿੱਚ ਖੇਤ-ਗੁਲਾਮੀ ("ਕ੍ਰੇਪੋਸਤਨੋਏ ਪ੍ਰਾਵੋ") ਅਤੇ ਜ਼ਮੀਨ ਨਾਲ਼ ਬੱਝੇ ਹੋਣਾ ("ਪ੍ਰਿਕ੍ਰੇਪੀਤ") ਦਾ ਇੱਕੋ ਅਰਥ ਹੈ।- ਸੰਪਾਦਕ

ਭਾਵ ਇੱਕ ਹੱਦ ਤੱਕ ਆਪ ਆਪਣਾ ਮਾਲਕ ਹੋ ਸਕਦਾ ਸੀ ਅਤੇ ਵਟਾਂਦਰਾ ਅਤੇ ਵਪਾਰ ਦੇ ਸਬੰਧਾਂ ਦੇ ਵਿਕਾਸ ਲਈ ਵਧੇਰੇ ਵਿਸ਼ਾਲ ਅਵਸਰਾਂ ਨਾਲ਼ ਜਗੀਰੂ ਪ੍ਰਣਾਲੀ ਨਿਰੰਤਰ ਖੇਰੂੰ-ਖੇਰੂੰ ਹੁੰਦੀ ਗਈ ਅਤੇ ਕਿਸਾਨਾਂ ਦੀ ਮੁਕਤੀ ਦਾ ਅਕਾਰ ਲਗਾਤਾਰ ਵਿਸ਼ਾਲ ਹੁੰਦਾ ਗਿਆ। ਜਗੀਰੂ ਸਮਾਜ ਸਦਾ ਹੀ ਗ਼ੁਲਾਮਦਾਰੀ ਸਮਾਜ ਨਾਲ਼ੋਂ ਵਧੇਰੇ ਪੇਚਦਾਰ ਸੀ। ਇਸ ਵਿੱਚ ਵਪਾਰ ਅਤੇ ਸਨਅਤ ਦੇ ਵਿਕਾਸ ਦੇ ਵਧੇਰੇ ਅੰਸ਼ ਸਨ ਜਿਨ੍ਹਾਂ ਦੇ ਸਿੱਟੇ ਵਜੋਂ ਉਹਨੀਂ ਦਿਨੀਂ ਵੀ ਸਰਮਾਏਦਾਰੀ ਪੈਦਾ ਹੋਈ। ਮੱਧਕਾਲ ਵਿੱਚ ਜਗੀਰਦਾਰੀ ਪ੍ਰਧਾਨ ਸੀ ਅਤੇ ਇੱਥੇ ਵੀ ਰਾਜ ਦੇ ਰੂਪ ਭਿੰਨ ਭਿੰਨ ਸਨ, ਇੱਥੇ ਵੀ ਅਸੀਂ ਬਾਦਸ਼ਾਹੀ ਅਤੇ ਜਮਹੂਰੀਅਤ ਦੋਵੇਂ ਵੇਖਦੇ ਹਾਂ ਭਾਵੇਂ ਜਮਹੂਰੀਅਤ ਦਾ ਪ੍ਰਗਟਾਅ ਬਹੁਤ ਜ਼ਿਆਦਾ ਕਮਜ਼ੋਰ ਸੀ ਪਰ ਸਦਾ ਹੀ ਜਗੀਰਦਾਰ ਨੂੰ ਇੱਕੋ ਇੱਕ ਹਾਕਮ ਸਮਝਿਆ ਗਿਆ। ਕਿਸਾਨ ਗੁਲਾਮ ਨੂੰ ਸਭਨਾਂ ਰਾਜਸੀ ਹੱਕਾਂ ਤੋਂ ਉੱਕਾ ਵਿਰਵਾ ਰੱਖਿਆ ਗਿਆ।

ਗ਼ੁਲਾਮਦਾਰੀ ਅਤੇ ਜਗੀਰੂ ਪ੍ਰਣਾਲੀ, ਦੋਹਾਂ ਅਧੀਨ ਹੀ ਲੋਕਾਂ ਦੀ ਇੱਕ ਨਿੱਕੀ ਜਿਹੀ ਘੱਟ-ਗਿਣਤੀ ਜਬਰ ਤੋਂ ਬਿਨਾਂ ਵਿਸ਼ਾਲ ਬਹੁ-ਗਿਣਤੀ ਉੱਤੇ ਪ੍ਰਧਾਨ ਨਹੀਂ ਸੀ ਰਹਿ ਸਕਦੀ। ਇਤਿਹਾਸ ਪਸਿੱਤੀਆਂ ਜਮਾਤਾਂ ਵਲੋਂ ਜਬਰ ਦਾ ਜੂਲਾ ਲਾਹ ਸੁੱਟਣ ਦੇ ਲਗਾਤਾਰ ਯਤਨਾਂ ਨਾਲ਼ ਭਰਿਆ ਪਿਆ ਹੈ। ਗ਼ੁਲਾਮਦਾਰੀ ਦੇ ਇਤਿਹਾਸ ਵਿੱਚ ਦਹਾਕਿਆਂ ਤੱਕ ਚੱਲਣ ਵਾਲ਼ੇ ਗ਼ੁਲਾਮੀ ਤੋਂ ਮੁਕਤੀ ਪ੍ਰਾਪਤ ਕਰਨ ਲਈ ਲੜੇ ਯੁੱਧਾਂ ਦਾ ਜ਼ਿਕਰ ਮਿਲ਼ਦਾ ਹੈ। ਇੱਥੇ ਇਹ ਵੀ ਜ਼ਿਕਰ ਕਰ ਦਈਏ ਕਿ ਜਰਮਨ ਕਮਿਊਨਿਸਟਾਂ ਨੇ—ਜੋ ਸਰਮਾਏਦਾਰੀ ਦੇ ਜੂਲੇ ਵਿਰੁੱਧ ਸੰਗਰਾਮ ਕਰਨ ਵਾਲ਼ੀ ਇੱਕੋ ਇੱਕ ਪਾਰਟੀ ਹੈ—"ਸਪਾਰਟਾਕਸ" ਦਾ ਜਿਹੜਾ ਨਾਂ ਹੁਣ ਅਪਣਾਇਆ ਹੈ, ਉਹ ਉਹਨਾਂ ਇਸ ਲਈ ਅਪਣਾਇਆ ਹੈ ਕਿ ਸਪਾਰਟਾਕਸ ਗ਼ੁਲਾਮਾਂ ਦੀ ਸਭ ਤੋਂ ਮਹਾਨ ਬਗ਼ਾਵਤ ਦੇ, ਜਿਹੜੀ ਦੋ ਹਜ਼ਾਰ ਵਰ੍ਹੇ ਪਹਿਲਾਂ ਹੋਈ, ਸਭ ਤੋਂ ਉੱਘੇ ਸੂਰਮਿਆਂ ਵਿੱਚੋਂ ਇੱਕ ਸੀ। ਵਰ੍ਹਿਆਂ-ਬੱਧੀ ਸਰਬ-ਸ਼ਕਤੀਮਾਨ ਜਾਪਦੀ ਰੋਮ ਦੀ ਸਲਤਨਤ, ਜੋ ਉੱਕਾ ਹੀ ਗ਼ੁਲਾਮੀ ਉੱਤੇ ਅਧਾਰਤ ਸੀ, ਗ਼ੁਲਾਮਾਂ ਦੀ, ਜਿਹੜੇ ਹਥਿਆਰਬੰਦ ਹੋ ਗਏ ਸਨ ਅਤੇ ਜਿਹੜੇ ਸਪਾਰਟਾਕਸ ਦੀ ਅਗਵਾਈ ਹੇਠ ਇੱਕ ਵਿਸ਼ਾਲ ਫ਼ੌਜ ਵਿੱਚ ਇੱਕ-ਮੁੱਠ ਹੋ ਗਏ ਸਨ, ਵਿਸ਼ਾਲ ਬਗ਼ਾਵਤ ਦੇ ਧੱਕੇ ਅਤੇ ਸੱਟਾਂ ਦਾ ਸਿਖਾਰ ਰਹੀ। ਅੰਤ ਵਿੱਚ ਉਹਨਾਂ ਦੀ ਹਾਰ ਹੋਈ, ਉਹ ਫੜੇ ਗਏ ਅਤੇ ਗ਼ੁਲਾਮਾਂ ਦੇ ਮਾਲਕਾਂ ਨੇ ਉਹਨਾਂ ਨੂੰ ਤਸੀਹੇ ਦਿੱਤੇ। ਅਜਿਹੀਆਂ ਖ਼ਾਨਾ-ਜੰਗੀਆਂ ਜਮਾਤੀ ਸਮਾਜ ਦੀ ਸਮੁੱਚੀ ਹੋਂਦ ਵਿੱਚ ਹੁੰਦੀਆਂ ਰਹਿੰਦੀਆਂ ਹਨ। ਮੈਂ ਹੁਣੇ ਹੀ ਗ਼ੁਲਾਮਦਾਰੀ ਦੇ ਯੁੱਗ ਵਿੱਚ ਹੋਈਆਂ ਖ਼ਾਨਾ-ਜੰਗੀਆਂ ਵਿੱਚੋਂ ਸਭ ਤੋਂ ਵੱਡੀ ਦਾ ਜ਼ਿਕਰ ਕੀਤਾ ਹੈ। ਇਸੇ ਤਰ੍ਹਾਂ ਜਗੀਰਦਾਰੀ ਦੇ ਸਮੁੱਚੇ ਯੁੱਗ ਵਿੱਚ ਲਗਾਤਾਰ ਕਿਸਾਨਾਂ ਦੀਆਂ ਬਗ਼ਾਵਤਾਂ ਹੁੰਦੀਆਂ ਰਹੀਆਂ। ਮਿਸਾਲ ਵਜੋਂ ਮੱਧ-ਕਾਲ ਦੇ ਜਰਮਨੀ ਵਿੱਚ ਦੋ ਜਮਾਤਾਂ—ਜਗਰੀਦਾਰਾਂ ਅਤੇ ਖੇਤ-ਗ਼ੁਲਾਮਾਂ —ਵਿਚਕਾਰ ਨੇ ਘੋਲ਼ ਵਿਸ਼ਾਲ ਅਕਾਰ ਪ੍ਰਾਪਤ ਕਰ ਲਿਆ ਅਤੇ ਜਗੀਰਦਾਰਾਂ ਵਿਰੁੱਧ ਕਿਸਾਨਾਂ ਦੀ ਖ਼ਾਨਾ-ਜੰਗੀ ਵਿੱਚ ਤਬਦੀਲ ਹੋ ਗਿਆ। ਤੁਸੀਂ ਸੱਭੇ ਰੂਸ ਵਿੱਚ ਜਗੀਰਦਾਰਾਂ ਵਿਰੁੱਧ ਘੜੀ ਮੁੜੀ ਹੋਈਆਂ ਕਿਸਾਨਾਂ ਦੀਆਂ ਬਗ਼ਾਵਤਾਂ ਤੋਂ ਜਾਣੂ ਹੋ।

ਆਪਣਾ ਰਾਜ ਕਾਇਮ ਰੱਖਣ ਅਤੇ ਆਪਣੀ ਸੱਤ੍ਹਾ ਬਚਾਈ ਰੱਖਣ ਲਈ ਜਗੀਰਦਾਰਾਂ ਨੂੰ ਇਕ ਅਜਿਹੀ ਬਣਤਰ ਦੀ ਲੋੜ ਸੀ ਜਿਸ ਰਾਹੀਂ ਉਹ ਬਹੁਤ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਆਪਣੀ ਅਧੀਨਗੀ ਹੇਠ ਇੱਕ-ਮੁੱਠ ਕਰ ਸਕਦੇ ਅਤੇ ਉਹਨਾਂ ਨੂੰ ਕੁੱਝ ਕਨੂੰਨਾਂ ਅਤੇ ਨੇਮਾਂ ਹੇਠ ਰੱਖ ਸਕਦੇ; ਅਤੇ ਇਹਨਾਂ ਸਾਰੇ ਕਨੂੰਨਾਂ ਦਾ ਬੁਨਿਆਦੀ ਮੰਤਵ ਇਕੋ ਸੀ—ਕਿਸਾਨ ਖੇਤ-ਗ਼ੁਲਾਮਾਂ ਉੱਤੇ ਜਗੀਰਦਾਰਾਂ ਦੀ ਸ਼ਕਤੀ ਕਾਇਮ ਰੱਖਣਾ ਅਤੇ ਇਹ ਸੀ ਜਗੀਰੂ ਰਾਜ ਜਿਸਦਾ, ਮਿਸਾਲ ਵਜੋਂ ਰੂਸ ਵਿੱਚ, ਜਾਂ ਚੋਖੇ ਪਛੜੇ ਏਸ਼ਿਆਈ ਦੇਸਾਂ ਵਿੱਚ, ਜਿੱਥੇ ਜਗੀਰਦਾਰੀ ਅਜ ਵੀ ਕਾਇਮ ਹੈ—ਰੂਪ ਵੱਖ ਵੱਖ ਸੀ— ਇਹ ਗਣਰਾਜ ਜਾਂ ਬਾਦਸ਼ਾਹੀ ਸੀ। ਜਦੋਂ ਰਾਜ ਬਾਦਸ਼ਾਹੀ ਹੁੰਦਾ, ਇੱਕ ਮਨੁੱਖ ਦੀ ਹਕੂਮਤ ਪ੍ਰਵਾਨ ਕੀਤੀ ਜਾਂਦੀਂ; ਜਦੋਂ ਇਹ ਜਮਹੂਰੀਅਤ ਹੁੰਦਾ, ਜਗੀਰਦਾਰ ਸਮਾਜ ਦੇ ਪ੍ਰਤਿਨਿਧਾਂ ਦੀ ਕਿਸੇ ਨਾ ਕਿਸੇ ਹੱਦ ਤੱਕ ਸ਼ਮੂਲੀਅਤ ਮੰਨੀ ਜਾਂਦੀ—ਇਹ ਸੀ ਜਗੀਰੂ ਸਮਾਜ। ਜਗੀਰੂ ਸਮਾਜ ਵਿੱਚ ਜਮਾਤਾਂ ਦੀ ਅਜਿਹੀ ਵੰਡ ਸੀ ਜਿਸ ਅਧੀਨ ਬਹੁਤ ਵਡੀ ਬਹੁ-ਗਿਣਤੀ—ਕਿਸਾਨ ਖੇਤ-ਗੁਲਾਮ—ਇੱਕ ਨਿਗੂਣੀ ਜਿਹੀ ਘੱਟ-ਗਿਣਤੀ—ਜਗੀਰਦਾਰਾਂ ਦੇ, ਜੋ ਜ਼ਮੀਨ ਦੇ ਮਾਲਕ ਸਨ, ਉੱਕਾ ਹੀ ਅਧੀਨ ਸੀ।

ਵਪਾਰ ਦੇ ਵਿਕਾਸ, ਵਸਤਾਂ ਦੇ ਵਟਾਂਦਰੇ ਦੇ ਵਿਕਾਸ, ਦੇ ਸਿੱਟੇ ਵਜੋਂ ਇੱਕ ਨਵੀਂ ਜਮਾਤ —ਸਰਮਾਏਦਾਰ— ਨਿਖਰ ਕੇ ਵਜੂਦ ਵਿੱਚ ਆਈ। ਪੂੰਜੀ ਮੱਧਕਾਲ ਦੇ ਅੰਤ ਦੇ ਨੇੜੇ ਉੱਭਰੀ, ਜਦੋਂ ਅਮਰੀਕਾ ਲੱਭੇ ਜਾਣ ਪਿੱਛੋਂ ਸੰਸਾਰ ਵਾਪਰ ਵਿੱਚ ਅਥਾਹ ਵਾਧਾ ਹੋਇਆ, ਜਦੋਂ ਕੀਮਤੀ ਧਤਾਂ ਦੀ ਮਾਤਰਾ ਵਧ ਗਈ, ਜਦੋਂ ਸੋਨਾ ਅਤੇ ਚਾਂਦੀ ਵਟਾਂਦਰੇ ਦੇ ਸਾਧਨ ਬਣ ਗਏ, ਜਦੋਂ ਸਿੱਕੇ ਦੇ ਗੇੜ ਨੇ ਵਿਅਕਤੀਆਂ ਲਈ ਇਹ ਸੰਭਵ ਬਣਾ ਦਿੱਤਾ ਕਿ ਉਹ ਅਥਾਹ ਧਨ ਆਪਣੇ ਕੋਲ਼ ਰੱਖ ਸਕਣ, ਸੋਨਾ ਅਤੇ ਚਾਂਦੀ ਸੰਸਾਰ ਭਰ ਵਿੱਚ ਧਨ ਦੇ ਤੌਰ 'ਤੇ ਪ੍ਰਵਾਨ ਕੀਤੇ ਜਾਣ ਲੱਗ ਪਏ, ਜਗੀਰਦਾਰ ਜਮਾਤ ਦੀ ਆਰਥਕ ਸ਼ਕਤੀ ਘਟ ਗਈ ਅਤੇ ਨਵੀਂ ਜਮਾਤ —ਪੂੰਜੀ ਦੇ ਪ੍ਰਤਿਨਿਧਾਂ— ਦੀ ਸ਼ਕਤੀ ਵਧੀ। ਸਮਾਜ ਦੀ ਮੁੜ-ਉਸਾਰੀ ਅਜਿਹੀ ਹੋ ਗਈ ਕਿ ਅਸੂਲੀ ਤੌਰ 'ਤੇ ਸਭ ਸ਼ਹਿਰੀ ਸਾਵੇਂ ਹੱਕਾਂ ਵਾਲ਼ੇ ਹੋ ਗਏ, ਗ਼ੁਲਾਮਾਂ ਦੇ ਮਾਲਕਾਂ ਅਤੇ ਗ਼ੁਲਾਮਾਂ ਵਿੱਚ ਪੁਰਾਣੀ ਵੰਡ ਲੋਪ ਹੋ ਗਈ, ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਉਹਨਾਂ ਕੋਲ਼ ਕਿੰਨੀ ਪੂੰਜੀ ਹੈ ਕਨੂੰਨ ਦੇ ਸਨਮੁੱਖ ਸਭੇ ਬਰਾਬਰ ਸਮਝੇ ਜਾਣ ਲੱਗ ਪਏ; ਭਾਵੇਂ ਉਦੇ ਕੋਲ ਨਿੱਜੀ ਜਾਇਦਾਦ ਵਜੋਂ ਜ਼ਮੀਨ ਸੀ ਜਾਂ ਉਹ ਅਜਿਹਾ ਕੰਗਲਾ ਸੀ, ਜਿਸ ਕੋਲ਼ ਆਪਣੀ ਕਿਰਤ ਸ਼ਕਤੀ ਤੋਂ ਬਿਨਾਂ ਕੁੱਝ ਨਹੀਂ ਸੀ—ਕਨੂੰਨ ਦੀ ਅੱਖ ਵਿੱਚ ਸੱਭੇ ਇੱਕੋ ਜਿਹੇ ਸਨ। ਕਨੂੰਨ ਸਭਨਾਂ ਲਈ ਇੱਕੋ ਜਿਹੇ ਸਨ। ਕਨੂੰਨ ਸਭਨਾਂ ਦੀ ਇੱਕੋ ਜਿਹੀ ਰੱਖਿਆ ਕਰਦਾ ਹੈ; ਇਹ ਜਨਤਾ ਦੇ, ਜਿਸ ਕੋਲ਼ ਕੋਈ ਜਾਇਦਾਦ ਨਹੀਂ, ਜਿਸ ਕੋਲ਼ ਆਪਣੀ ਕਿਰਤ ਸ਼ਕਤੀ ਤੋਂ ਬਿਨਾਂ ਕੁੱਝ ਨਹੀਂ, ਜੋ ਲਗਾਤਾਰ ਕੰਗਾਲ ਹੁੰਦੀ ਜਾਂਦੀ ਅਤੇ ਉਜੜਦੀ ਜਾਂਦੀ ਹੈ ਅਤੇ ਪ੍ਰੋਲੇਤਾਰੀ ਵਿੱਚ ਤਬਦੀਲ ਹੋ ਜਾਂਦੀ ਹੈ, ਹਮਲੇ ਤੋਂ ਜਾਇਦਾਦ ਦੇ ਮਾਲਕਾਂ ਦੀ ਜਾਇਦਾਦ ਦੀ ਰੱਖਿਆ ਕਰਦਾ ਹੈ। ਅਜਿਹਾ ਹੈ ਸਰਮਾਏਦਾਰ ਸਮਾਜ।

ਮੈਂ ਇਸ ਸਬੰਧੀ ਵਿਸਥਾਰ ਵਿੱਚ ਨਹੀਂ ਜਾ ਸਕਦਾ। ਜਦੋਂ ਤੁਸੀਂ ਪਾਰਟੀ ਦੇ ਪ੍ਰੋਗਰਾਮ

ਉੱਤੇ ਵਿਚਾਰ ਕਰੋਗੇ ਤਾਂ ਤੁਸੀਂ ਇਸ ਸਵਾਲ ਵੱਲ ਮੁੜ ਆਓਗੇ—ਤਦ ਤੁਸੀਂ ਸਰਮਾਏਦਾਰ ਸਮਾਜ ਦੀ ਵਿਆਖਿਆ ਸੁਣੋਗੇ। ਇਸ ਸਮਾਜ ਨੇ ਜਗੀਰਦਾਰੀ ਵਿਰੁੱਧ; ਪੁਰਾਣੀ ਜਗੀਰੂ ਪ੍ਰਣਾਲੀ ਵਿਰੁੱਧ ਅਜ਼ਾਦੀ ਦੇ ਨਾਹਰੇ ਹੇਠ ਉਨਤੀ ਕੀਤੀ। ਪਰ ਇਹ ਅਜ਼ਾਦੀ ਉਹਨਾਂ ਲਈ ਸੀ ਜੋ ਜਾਇਦਾਦ ਦੇ ਮਾਲਕ ਸਨ। ਅਤੇ ਜਦੋਂ ਜਗੀਰਦਾਰੀ ਟੋਟੇ ਟੋਟੇ ਹੋ ਗਈ, ਜੋ ਕਿ ਅਠਾਰ੍ਹਵੀਂ ਸਦੀ ਦੇ ਅੰਤ ਅਤੇ ਉਨ੍ਹੀਵੀਂ ਸਦੀ ਦੇ ਸ਼ੁਰੂ ਵਿੱਚ ਹੋਇਆ—ਰੂਸ ਵਿੱਚ ਅਜਿਹਾ ਹੋਰਨਾਂ ਦੇਸ਼ਾਂ ਨਾਲ਼ੋਂ ਪਛੜ ਕੇ, 1861 ਵਿੱਚ ਹੋਇਆ—ਤਾਂ ਸਰਮਾਏਦਾਰ ਰਾਜ ਨੇ ਜਗੀਰੂ ਰਾਜ ਦੀ ਥਾਂ ਲੈ ਲਈ। ਇਹ ਸਾਰੀ ਕੌਮ ਲਈ ਅਜ਼ਾਦੀ ਨੂੰ ਆਪਣਾ ਨਾਹਰਾ ਬਣਾਉਣ ਦਾ ਐਲਾਨ ਕਰਦਾ ਹੈ, ਇਹ ਐਲਾਨ ਕਰਦਾ ਹੈ ਕਿ ਉਹ ਸਮੁੱਚੀ ਕੌਮ ਦੀ ਰਜ਼ਾ ਨੂੰ ਪ੍ਰਗਟ ਕਰਦਾ ਹੈ ਅਤੇ ਇਸ ਗੱਲੋਂ ਇਨਕਾਰੀ ਹੈ ਕਿ ਇਹ ਇੱਕ ਜਮਾਤੀ ਰਾਜ ਹੈ ਅਤੇ ਇਸ ਕਾਰਨ ਸੋਸ਼ਲਿਸਟਾਂ, ਜੋ ਸਮੁੱਚੀ ਕੌਮ ਲਈ ਅਜ਼ਾਦੀ ਲਈ ਲੜ ਰਹੇ ਹਨ ਅਤੇ ਸਰਮਾਏਦਾਰ ਰਾਜ ਵਿਚਕਾਰ ਘੋਲ਼ ਛਿੜ ਪਿਆ—ਇੱਕ ਅਜਿਹਾ ਘੋਲ਼ ਜਿਸ ਦੇ ਸਿੱਟੇ ਵਜੋਂ ਸੋਵੀਅਤ ਸੋਸ਼ਲਿਸਟ ਰੀਪਬਲਿਕ ਸਥਾਪਤ ਹੋਈ ਅਤੇ ਜਿਹੜਾ ਸਾਰੀ ਦੁਨੀਆ ਉੱਤੇ ਫੈਲਿਆ ਹੋਇਆ ਹੈ।

ਉਸ ਘੋਲ਼ ਨੂੰ ਸਮਝਣ ਲਈ ਜਿਹੜਾ ਸੰਸਾਰ ਪੂੰਜੀ ਵਿਰੁੱਧ ਸ਼ੁਰੂ ਕੀਤਾ ਗਿਆ ਹੈ, ਸਰਮਾਏਦਾਰ ਰਾਜ ਦੇ ਤੱਤ ਨੂੰ ਸਮਝਣ ਲਈ, ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਸਰਮਾਏਦਾਰ ਰਾਜ ਜਗੀਰੂ ਰਾਜ ਵਿਰੁੱਧ ਵਧਿਆ ਤਾਂ ਇਹ ਅਜ਼ਾਦੀ ਦੇ ਨਾਹਰੇ ਹੇਠ ਲੜਾਈ ਵਿੱਚ ਕੁੱਦਿਆ। ਜਗੀਰਦਾਰੀ ਦੇ ਅੰਤ ਦੇ ਅਰਥ ਸਨ ਸਰਮਾਏਦਾਰ ਰਾਜ ਦੇ ਪ੍ਰਤਿਨਿਧਾਂ ਲਈ ਅਜ਼ਾਦੀ ਅਤੇ ਇਹ ਉਹਨਾਂ ਦਾ ਮੰਤਵ ਪੂਰਾ ਕਰਦੀ ਸੀ ਕਿਉਂਕਿ ਜਗੀਰਦਾਰੀ ਟੁੱਟ ਰਹੀ ਸੀ ਅਤੇ ਕਿਸਾਨਾਂ ਨੂੰ ਇਹ ਅਵਸਰ ਪ੍ਰਾਪਤ ਹੋ ਰਿਹਾ ਸੀ ਕਿ ਉਹਨਾਂ ਜਿਹੜੀ ਜ਼ਮੀਨ ਖਰੀਦੀ ਹੈ ਉਹਨੂੰ ਆਪਣੀ ਪੂਰੀ ਮਿਲਖ ਬਣਾ ਲੈਣ, ਭਾਵੇਂ ਇਹ ਉਹਨਾਂ ਮੁਆਵਜ਼ਾ ਦੇਕੇ ਖਰੀਦੀ ਹੈ ਜਾਂ ਜੁਜ਼ਵੀ ਤੌਰ ’ਤੇ ਚੁਕਤਾ ਲਗਾਨ ਦੇਕੇ—ਇਸ ਨਾਲ਼ ਰਾਜ ਦਾ ਕੋਈ ਸਬੰਧ ਨਹੀਂ ਸੀ: ਉਹ ਜਾਇਦਾਦ ਦੀ ਰੱਖਿਆ ਕਰਦਾ ਭਾਵੇਂ ਇਹ ਜਾਇਦਾਦ ਕਿਸੇ ਵੀ ਤਰ੍ਹਾਂ ਹੋਂਦ ਵਿੱਚ ਆਈ ਹੋਵੇ ਕਿਉਂਕਿ ਰਾਜ ਦਾ ਅਧਾਰ ਨਿੱਜੀ ਜਾਇਦਾਦ ਸੀ। ਸਭਨਾਂ ਹੀ ਅਜੋਕੇ ਸੱਭਿਅਕ ਰਾਜ ਵਿੱਚ ਕਿਸਾਨ ਨਿੱਜੀ ਮਾਲਕ ਬਣ ਗਏ। ਜਦੋਂ ਜਗੀਰਦਾਰ ਨੇ ਆਪਣੀ ਜ਼ਮੀਨ ਦਾ ਇੱਕ ਹਿੱਸਾ ਕਿਸਾਨ ਨੂੰ ਦੇ ਦਿੱਤਾ ਤਾਂ ਵੀ ਰਾਜ ਨੇ ਨਿੱਜੀ ਜਾਇਦਾਦ ਦੀ ਰੱਖਿਆ ਕੀਤੀ, ਜਗੀਰਦਾਰ ਨੂੰ ਮੁਆਵਜ਼ੇ ਲਈ ਵਿੱਕਰੀ, ਪੈਸੇ ਦਾ ਇਵਜ਼ਾਨਾ ਦਿਵਾਇਆ। ਇੱਕ ਤਰ੍ਹਾਂ ਨਾਲ਼ ਰਾਜ ਨੇ ਐਲਾਨ ਕੀਤਾ ਕਿ ਉਹ ਨਿੱਜੀ ਜਾਇਦਾਦ ਦੀ ਪੂਰੀ ਤਰ੍ਹਾਂ ਰੱਖਿਆ ਕਰੇਗਾ ਅਤੇ ਇਸਨੂੰ ਪੂਰੀ ਸਹਾਇਤਾ ਅਤੇ ਰੱਖਿਆ ਦੇਵੇਗਾ। ਰਾਜ ਨੇ ਹਰ ਵਪਾਰੀ, ਸਨਅਤਕਾਰ ਅਤੇ ਕਾਰਖਾਨੇਦਾਰ ਦੇ ਜਾਇਦਾਦ ਦੇ ਹੱਕ ਨੂੰ ਪ੍ਰਵਾਨ ਕੀਤਾ। ਅਤੇ ਇਸ ਰਾਜ ਨੇ, ਜਿਸਦਾ ਅਧਾਰ ਨਿੱਜੀ ਜਾਇਦਾਦ, ਪੂੰਜੀ ਦੀ ਸ਼ਕਤੀ ਅਤੇ, ਜਾਇਦਾਦ ਤੋਂ ਵਿਰਵੀ ਮਜ਼ਦੂਰ ਅਤੇ ਮਿਹਨਤਕਸ਼ ਕਿਸਾਨ ਜਨਤਾ ਦੀ ਮੁਕੰਮਲ ਅਧੀਨਗੀ ਸੀ, ਐਲਾਨ ਕੀਤਾ ਕਿ ਉਸਦੇ ਸ਼ਾਸਨ ਦਾ ਅਧਾਰ ਅਜ਼ਾਦੀ ਹੈ। ਜਗੀਰਦਾਰੀ ਦਾ ਮੁਕਾਬਲਾ ਕਰਦੇ ਹੋਏ ਇਸਨੇ ਜਾਇਦਾਦ ਦੀ ਮੁਕੰਮਲ ਅਜ਼ਾਦੀ ਦਾ ਐਲਾਨ ਕੀਤਾ ਅਤੇ ਇਹਨੂੰ ਇਸ ਗੱਲ ਉੱਤੇ

ਵਿਸ਼ੇਸ਼ ਮਾਣ ਸੀ ਕਿ ਰਾਜ ਜਮਾਤੀ ਰਾਜ ਨਹੀਂ ਰਿਹਾ।

ਪਰ ਰਾਜ ਇੱਕ ਅਜਿਹੀ ਮਸ਼ੀਨ ਬਣਿਆ ਰਿਹਾ ਜਿਸਨੇ ਗਰੀਬ ਕਿਸਾਨਾਂ ਅਤੇ ਮਜ਼ਦੂਰ ਜਮਾਤ ਨੂੰ ਅਧੀਨ ਰੱਖਣ ਵਿੱਚ ਸਰਮਾਏਦਾਰਾਂ ਦੀ ਸਹਾਇਤਾ ਕੀਤੀ। ਪਰ ਬਾਹਰੋਂ ਵੇਖਣ ਨੂੰ ਇਹ ਅਜ਼ਾਦ ਸੀ। ਇਹਨੇ ਹਰ ਇੱਕ ਲਈ ਵੋਟ ਦੇ ਹੱਕ ਦਾ ਐਲਾਨ ਕੀਤਾ ਅਤੇ ਆਪਣੇ ਹਾਮੀਆਂ, ਪ੍ਰਚਾਰਕ, ਆਲਮਾਂ ਅਤੇ ਦਾਰਸ਼ਨਿਕਾਂ ਰਾਹੀਂ ਐਲਾਨ ਕੀਤਾ ਕਿ ਇਹ ਜਮਾਤੀ ਰਾਜ ਨਹੀਂ। ਹੁਣ ਵੀ ਜਦੋਂ ਸੋਵੀਅਤ ਸੋਸ਼ਲਿਸਟ ਰੀਪਬਲਿਕਾਂ ਨੇ ਇਸ ਵਿਰੁੱਧ ਘੋਲ਼ ਸ਼ੁਰੂ ਕੀਤਾ ਹੈ, ਉਹ ਸਾਡੇ ਉੱਤੇ ਅਜ਼ਾਦੀ ਦੀ ਉਲੰਘਣਾ ਕਰਨ ਦਾ, ਜਬਰ ਉੱਤੇ, ਕੁੱਝ ਇੱਕ ਰਾਹੀਂ ਦੂਜਿਆਂ ਨੂੰ ਕੁਚਲਣ ਉੱਤੇ ਅਧਾਰਤ ਰਾਜ ਕਾਇਮ ਕਰਨ ਦਾ ਦੋਸ਼ ਲਾਉਂਦੇ ਹਨ ਜਿੱਥੇ ਕਿ ਉਹ ਜਨਤਕ, ਜਮਹੂਰੀ ਰਾਜ ਦੇ ਪ੍ਰਤਿਨਿਧ ਹਨ ਅਤੇ ਅੱਜ ਜਦੋਂ ਸੰਸਾਰ ਸੋਸ਼ਲਿਸਟ ਇਨਕਲਾਬ ਸ਼ੁਰੂ ਹੋ ਗਿਆ ਹੈ, ਅਤੇ ਐਨ ਉਸ ਸਮੇਂ ਜਦੋਂ ਇਨਕਲਾਬ ਕਈ ਦੇਸ਼ਾਂ ਵਿੱਚ ਸਫ਼ਲ ਹੋ ਗਿਆ ਹੈ, ਜਦੋਂ ਸੰਸਾਰ ਪੂੰਜੀ ਵਿਰੁੱਧ ਘੋਲ਼ ਵਿਸ਼ੇਸ਼ ਤੌਰ 'ਤੇ ਤਿੱਖਾ ਹੋ ਗਿਆ ਹੈ, ਰਾਜ ਦੇ ਸਵਾਲ ਨੇ ਓੜਕਾਂ ਦੀ ਮਹੱਤਤਾ ਪ੍ਰਾਪਤ ਕਰ ਲਈ ਹੈ ਅਤੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਸਭ ਤੋਂ ਵੱਧ ਫ਼ੌਰੀ ਸਵਾਲ, ਸਭਨਾਂ ਅਜੋਕੇ ਰਾਜਸੀ ਸਵਾਲਾਂ ਅਤੇ ਰਾਜਸੀ ਬਹਿਸਾਂ ਦਾ ਧੁਰਾ ਬਣ ਗਿਆ ਹੈ।

ਅਸੀਂ ਰੂਸ ਵਿੱਚ ਜਾਂ ਵਧੇਰੇ ਸੱਭਿਅਕ ਦੇਸ਼ਾਂ ਵਿੱਚੋਂ ਕਿਸੇ ਹੋਰ ਵਿੱਚ ਜਿਸ ਕਿਸੇ ਪਾਰਟੀ ਨੂੰ ਵੀ ਲੈਂਦੇ ਹਾਂ, ਅਸੀਂ ਵੇਖਦੇ ਹਾਂ ਕਿ ਲਗਭਗ ਸਭੇ ਰਾਜਸੀ ਬਹਿਸਾਂ, ਮਤ-ਭੇਦਾਂ ਅਤੇ ਰਾਵਾਂ ਹੁਣ ਰਾਜ ਦੇ ਸੰਕਲਪ ਦੁਆਲੇ ਕੇਂਦਰਿਤ ਹਨ। ਕੀ ਇੱਕ ਸਰਮਾਏਦਾਰ ਦੇਸ਼ ਵਿੱਚ, ਇੱਕ ਗਣ-ਰਾਜੀ ਜਮਹੂਰੀਅਤ ਵਿੱਚ—ਵਿਸ਼ੇਸ਼ ਤੌਰ 'ਤੇ ਸਵਿਟਜ਼ਰਲੈਂਡ ਜਾਂ ਅਮਰੀਕਾ ਜਿਹੇ ਦੇਸ਼ਾਂ ਵਿੱਚ — ਸਭ ਤੋਂ ਵੱਧ ਅਜ਼ਾਦ ਗਣ-ਰਾਜੀ ਜਮਹੂਰੀਅਤਾਂ ਵਿੱਚ ਰਾਜ ਜਨਤਕ ਇੱਛਾ ਦਾ ਪ੍ਰਗਟਾਅ ਹੈ, ਜਨਤਾ ਦੇ ਆਮ ਫੈਸਲੇ ਦਾ ਜੋੜ ਹੈ, ਕੌਮੀ ਇੱਛਾ ਦਾ ਪ੍ਰਗਟਾਅ ਹੈ, ਆਦਿ; ਜਾਂ ਰਾਜ ਇੱਕ ਅਜਿਹੀ ਮਸ਼ੀਨ ਹੈ ਜਿਹੜੀ ਕਿਸੇ ਇੱਕ ਦੇਸ਼ ਦੇ ਸਰਮਾਏਦਾਰਾਂ ਨੂੰ ਇਹ ਅਵਸਰ ਦੇਂਦੀ ਹੈ ਕਿ ਉਹ ਮਜ਼ਦੂਰ ਜਮਾਤ ਅਤੇ ਕਿਸਾਨੀ ਉੱਤੇ ਆਪਣੀ ਸੱਤ੍ਹਾ ਕਾਇਮ ਰੱਖਣ ? ਇਹ ਹੈ ਉਹ ਬੁਨਿਆਦੀ ਸਵਾਲ ਜਿਸ ਦਵਾਲੇ ਸਾਰੇ ਸੰਸਾਰ ਵਿੱਚ ਸੱਭੇ ਰਾਜਸੀ ਬਹਿਸਾਂ ਕੇਂਦਰਿਤ ਹਨ। ਉਹ ਬਾਲਸ਼ਵਿਕਵਾਦ ਸਬੰਧੀ ਕੀ ਕਹਿੰਦੇ ਹਨ ? ਬੁਰਜੂਆ ਅਖ਼ਬਾਰ ਬਾਲਸ਼ਵਿਕਾਂ ਨੂੰ ਗਾਲ੍ਹਾਂ ਕੱਢਦੇ ਹਨ। ਤੁਹਾਨੂੰ ਇੱਕ ਵੀ ਅਖ਼ਬਾਰ ਅਜਿਹਾ ਨਹੀਂ ਮਿਲ਼ੇਗਾ ਜਿਹੜਾ ਇਹ ਚਗਲਿਆ ਅਲਜ਼ਾਮ ਨਾ ਦੁਹਰਾਉਂਦਾ ਹੋਵੇ ਕਿ ਬਾਲਸ਼ਵਿਕ ਜਨਤਕ ਰਾਜ ਦੀ ਉਲੰਘਣਾ ਕਰਦੇ ਹਨ। ਜੇ ਸਾਡੇ ਮੇਨਸ਼ਵਿਕ ਜਾਂ ਸੋਸ਼ਲਿਸਟ-ਇਨਕਲਾਬੀ ਆਪਣੀ ਸਾਦਾ-ਦਿਲੀ ਵਿੱਚ (ਸ਼ਾਇਦ ਇਹ ਸਾਦਗੀ ਨਹੀਂ ਜਾਂ ਸ਼ਾਇਦ ਇਹ ਉਹ ਸਾਦਗੀ ਹੈ ਜਿਸ ਸਬੰਧੀ ਅਖਾਣ ਕਹਿੰਦਾ ਹੈ ਕਿ ਇਹ ਡਕੈਤੀ ਤੋਂ ਭੈੜੀ ਹੈ) ਇਹ ਸਮਝਦੇ ਹਨ ਕਿ ਉਹਨਾਂ ਇਹ ਦੋਸ਼ ਲੱਭਿਆ ਜਾਂ ਘੜਿਆ ਹੈ ਕਿ ਬਾਲਸ਼ਵਿਕਾਂ ਨੇ ਅਜ਼ਾਦੀ ਅਤੇ ਜਨਤਕ ਰਾਜ ਦੀ ਉਲੰਘਣਾ ਕੀਤੀ ਹੈ ਤਾਂ ਉਹਨਾਂ ਨੂੰ ਹਾਸੋ-ਹੀਣੀ ਹਦ ਤੱਕ ਗ਼ਲਤੀ ਲੱਗੀ ਹੈ। ਅੱਜ ਸਭ ਤੋਂ ਅਮੀਰ ਦੇਸ਼ਾਂ ਦਾ ਇੱਕ ਵੀ ਸਭ ਤੋਂ ਅਮੀਰ ਅਖ਼ਬਾਰ, ਜਿਹੜੇ ਆਪਣੀ ਵੰਡ 'ਤੇ ਕਰੋੜਾਂ

ਖ਼ਰਚ ਕਰਦੇ ਹਨ ਅਤੇ ਕੋਰੜਾਂ ਪਰਤੀਆਂ ਵਿੱਚ ਬੁਰਜੂਆ ਝੂਠ ਅਤੇ ਸਾਮਰਾਜਵਾਦੀ ਨੀਤੀ ਪਰਚਾਰਦੇ ਹਨ—ਇਹਨਾਂ ਅਖ਼ਬਾਰਾਂ ਵਿੱਚੋਂ ਇੱਕ ਵੀ ਅਜਿਹਾ ਨਹੀਂ ਜਿਹੜਾ ਬਾਲਸ਼ਵਿਕਵਾਦ ਵਿਰੁੱਧ ਬੁਨਿਆਦੀ ਦਲੀਲਾਂ ਅਤੇ ਅਲਜ਼ਾਮ ਨਾ ਦੁਹਰਾਉਂਦਾ ਹੋਵੇ, ਅਰਥਾਤ, ਅਮਰੀਕਾ, ਇੰਗਲੈਂਡ ਅਤੇ ਸਵਿਟਜ਼ਰਲੈਂਡ ਜਨਤਕ ਰਾਜ ਉੱਤੇ ਅਧਾਰਤ ਉਨਤ ਰਾਜ ਹਨ ਪਰ ਬਾਲਸ਼ਵਿਕ ਰੀਪਬਲਿਕ ਇੱਕ ਡਾਕੂਆਂ ਦਾ ਰਾਜ ਹੈ ਜਿਸ ਵਿੱਚ ਅਜ਼ਾਦੀ ਦੀ ਉੱਕਾ ਹੀ ਅਣ-ਹੋਂਦ ਹੈ ਅਤੇ ਇਹ ਕਿ ਬਾਲਸ਼ਵਿਕਾਂ ਨੇ ਜਨਤਕ ਰਾਜ ਦੇ ਵਿਚਾਰ ਦੀ ਉਲੰਘਣਾ ਕੀਤੀ ਹੈ ਅਤੇ ਵਿਧਾਨ-ਘੜਨੀ ਸਭਾ[4] ਨੂੰ ਖਿੰਡਾਉਣ ਤੱਕ ਚਲੇ ਗਏ ਹਨ। ਬਾਲਸ਼ਵਿਕਾਂ ਵਿਰੁੱਧ ਇਹ ਭਿਆਨਕ ਅਲਜ਼ਾਮ ਸਾਰੀ ਦੁਨੀਆਂ ਵਿੱਚ ਦੁਹਰਾਏ ਜਾਂਦੇ ਹਨ। ਇਹ ਅਲਜ਼ਾਮ ਸਾਨੂੰ ਪੂਰੀ ਤਰ੍ਹਾਂ ਇਸ ਸਵਾਲ ਦੇ ਸਾਹਮਣੇ ਲਿਆ ਖੜ੍ਹਾ ਕਰਦੇ ਹਨ—ਰਾਜ ਕੀ ਹੈ ? ਇਹਨਾਂ ਅਲਜ਼ਾਮਾਂ ਨੂੰ ਸਮਝਣ ਲਈ, ਇਹਨਾਂ ਨੂੰ ਪਰਖਣ ਅਤੇ ਇਹਨਾਂ ਸਬੰਧੀ ਪੂਰੀ ਤਰ੍ਹਾਂ ਸੂਝਵਾਨ ਵਤੀਰਾ ਅਪਣਾਉਣ ਯੋਗ ਹੋਣ ਲਈ ਅਤੇ ਉਹਨਾਂ ਨੂੰ ਸੁਣੇ ਸੁਣਾਏ ਅਧਾਰ ਉੱਤੇ ਨਹੀਂ ਸਗੋਂ ਆਪਣੀ ਪੱਕੀ ਰਾਏ ਦੇ ਅਧਾਰ ਉੱਤੇ ਪਰਖਣ ਲਈ ਇਹ ਲਾਜ਼ਮੀ ਹੈ ਕਿ ਅਸੀਂ ਇਸ ਸਬੰਧੀ ਸਪੱਸ਼ਟ ਵਿਚਾਰ ਪ੍ਰਾਪਤ ਕਰੀਏ ਕਿ ਰਾਜ ਕੀ ਹੈ। ਅਸੀਂ ਸਭ ਤਰ੍ਹਾਂ ਦੇ ਸਰਮਾਏਦਾਰ ਰਾਜਾਂ ਅਤੇ ਉਹਨਾਂ ਦੀ ਰੱਖਿਆ ਲਈ ਯੁੱਧ ਤੋਂ ਪਹਿਲੋਂ ਘੜੇ ਸਭ ਸਿਧਾਂਤ ਵੇਖਦੇ ਹਾਂ। ਸਵਾਲ ਦਾ ਠੀਕ ਜਵਾਬ ਦੇਣ ਲਈ ਇਹ ਲਾਜ਼ਮੀ ਹੈ ਕਿ ਅਸੀਂ ਇਹਨਾਂ ਸਭਨਾਂ ਸਿਧਾਂਤਾਂ ਨੂੰ ਪੜਚੋਲੀਏ ਢੰਗ ਨਾਲ਼ ਪਰਖੀਏ।

ਮੈਂ ਤੁਹਾਨੂੰ ਪਹਿਲਾਂ ਹੀ ਸਲਾਹ ਦੇ ਚੁੱਕਾ ਹਾਂ ਕਿ ਤੁਸੀਂ ਏਂਗਲਜ਼ ਦੀ ਕਿਤਾਬ 'ਪਰਿਵਾਰ, ਨਿੱਜੀ ਜਾਇਦਾਦ ਅਤੇ ਰਾਜ ਦਾ ਮੁੱਢ' ਦੀ ਸਹਾਇਤਾ ਲਓ। ਇਹ ਕਿਤਾਬ ਕਹਿੰਦੀ ਹੈ ਕਿ ਹਰ ਉਹ ਰਾਜ ਜਿਸ ਵਿੱਚ ਜ਼ਮੀਨ ਅਤੇ ਉਤਪਾਦਨ ਦੇ ਸਾਧਨਾਂ ਦੀ ਨਿੱਜੀ ਮਾਲਕੀ ਦੀ ਹੋਂਦ ਹੈ, ਜਿਸ ਵਿੱਚ ਪੂੰਜੀ ਦੀ ਪਰਧਾਨਗੀ ਹੈ, ਭਾਵੇਂ ਉਹ ਕਿੰਨੀ ਗਣ-ਰਾਜੀ ਕਿਉਂ ਨਾ ਹੋਵੇ, ਉਹ ਇੱਕ ਸਰਮਾਏਦਾਰ ਰਾਜ ਹੈ, ਇੱਕ ਅਜਿਹੀ ਮਸ਼ੀਨ ਜਿਸਨੂੰ ਸਰਮਾਏਦਾਰ ਮਜ਼ਦੂਰ ਜਮਾਤ ਅਤੇ ਗ਼ਰੀਬ ਕਿਸਾਨਾਂ ਨੂੰ ਅਧੀਨ ਰੱਖਣ ਲਈ ਵਰਤਦੇ ਹਨ; ਅਤੇ ਹਰ ਇੱਕ ਲਈ ਵੋਟ ਦਾ ਹੱਕ, ਵਿਧਾਨ-ਘੜਨੀ ਸਭਾ, ਪਾਰਲੀਮੈਂਟ ਕੇਵਲ ਇੱਕ ਰਸਮ ਹਨ, ਇੱਕ ਪਰਨੋਟ ਹਨ, ਜੋ ਮਾਮਲੇ ਦੇ ਤੱਤ ਨੂੰ ਤਬਦੀਲ ਨਹੀਂ ਕਰਦੇ।

ਰਾਜ ਦੀ ਪ੍ਰਧਾਨਗੀ ਦੇ ਰੂਪ ਵੱਖ-ਵੱਖ ਹੋ ਸਕਦੇ ਹਨ: ਜਿੱਥੇ ਇੱਕ ਰੂਪ ਦੀ ਹੋਂਦ ਹੁੰਦੀ ਹੈ ਪੂੰਜੀ ਇੱਕ ਢੰਗ ਨਾਲ਼ ਵਿਚਰਦੀ ਹੈ ਅਤੇ ਜਿੱਥੇ ਕੋਈ ਹੋਰ ਰੂਪ ਹੁੰਦਾ ਹੈ, ਇਹ ਹੋਰ ਤਰ੍ਹਾਂ ਵਿਚਰਦੀ ਹੈ—ਪਰ ਤਾਕਤ ਲਾਜ਼ਮੀ ਤੌਰ 'ਤੇ ਪੂੰਜੀ ਦੇ ਹੱਥ ਰਹਿੰਦੀ ਹੈ ਭਾਵੇਂ ਵੋਟ ਪਾ ਸਕਣ ਲਈ ਯੋਗਤਾਵਾਂ ਮਿੱਥੀਆਂ ਗਈਆਂ ਹੋਣ ਜਾਂ ਨਾਂਹ, ਅਤੇ ਭਾਵੇਂ ਜਮਹੂਰੀਅਤ ਗਣ-ਰਾਜੀ ਹੋਵੇ ਜਾਂ ਨਾਂਹ—ਅਸਲ ਵਿੱਚ ਇਹ ਜਿੰਨੀ ਵਧੇਰੇ ਗਣ-ਰਾਜੀ ਹੁੰਦੀ ਹੈ ਉਨਾ ਹੀ ਵਧੇਰੇ ਭੱਦਾ ਅਤੇ ਸਨਕੀ ਰੂਪ ਸਰਮਾਏਦਾਰੀ ਦੇ ਰਾਜ ਦਾ ਹੁੰਦਾ ਹੈ। ਸੰਯੁਕਤ ਰਾਜ ਅਮਰੀਕਾ ਸੰਸਾਰ ਦੀਆਂ ਸਭ ਤੋਂ ਵਧ ਗਣ-ਰਾਜੀ ਜਮਹੂਰੀਅਤਾਂ ਵਿੱਚੋਂ ਇੱਕ ਹੈ ਪਰ ਕਿਧਰੇ ਵੀ ਪੂੰਜੀ ਦੀ ਸ਼ਕਤੀ, ਸਮੁੱਚੇ ਸਮਾਜ ਉੱਤੇ ਮੁੱਠੀ ਭਰ ਅਰਬਪਤੀਆਂ ਦੀ ਸ਼ਕਤੀ ਏਨੀ ਭੱਦੀ ਅਤੇ ਏਨੀ

ਖੁੱਲ੍ਹੀ ਤਰ੍ਹਾਂ ਭ੍ਰਿਸ਼ਟਾਚਾਰੀ ਨਹੀਂ ਜਿੰਨੀ ਅਮਰੀਕਾ ਵਿੱਚ (ਅਤੇ ਜਿਹੜੇ 1905 ਤੋਂ ਪਿੱਛੋਂ ਉੱਥੇ ਗਏ ਉਹ ਇਹ ਗੱਲ ਜਾਣਦੇ ਹਨ)। ਜਦੋਂ ਇੱਕ ਵਾਰ ਪੂੰਜੀ ਦੀ ਹੋਂਦ ਹੁੰਦੀ ਹੈ, ਇਹ ਸਮੁੱਚੇ ਸਮਾਜ ਉੱਤੇ ਭਾਰੂ ਹੋ ਜਾਂਦੀ ਹੈ ਅਤੇ ਕੋਈ ਗਣ-ਰਾਜੀ ਜਮਹੂਰੀਅਤ, ਵੋਟ ਦਾ ਕੋਈ ਰੂਪ ਮਾਮਲੇ ਦੇ ਤੱਤ ਨੂੰ ਤਬਦੀਲ ਨਹੀਂ ਕਰ ਸਕਦਾ।

ਗਣ-ਰਾਜੀ ਜਮਹੂਰੀਅਤ ਅਤੇ ਹਰ ਇੱਕ ਲਈ ਵੋਟ ਦਾ ਹੱਕ ਜਗੀਰਦਾਰੀ ਤੋਂ ਅੱਗੇ ਇੱਕ ਮਹਾਨ ਅੱਗੇ-ਵਧੂ ਉਨਤੀ ਸਨ: ਉਹਨਾਂ ਪ੍ਰੋਲਤਾਰੀ ਨੂੰ ਆਪਣੀ ਅਜੋਕੀ ਏਕਤਾ ਅਤੇ ਇੱਕਮੁੱਠਤਾ ਪ੍ਰਾਪਤ ਕਰਨ ਯੋਗ, ਉਹ ਮਜ਼ਬੂਤ ਅਤੇ ਅਨੁਸ਼ਾਸਨ ਵਾਲ਼ੀਆਂ ਸਫ਼ਾਂ ਬਣਾਉਣ ਯੋਗ ਬਣਾਇਆ ਹੈ ਜੋ ਪੂੰਜੀ ਵਿਰੁੱਧ ਬਾਕਾਇਦਾ ਘੋਲ਼ ਕਰ ਰਹੀਆਂ ਹਨ। ਗ਼ੁਲਾਮਾਂ ਦੀ ਤਾਂ ਗੱਲ ਹੀ ਨਾ ਕਰੋ ਕਿਸਾਨ ਖੇਤ-ਗ਼ੁਲਾਮਾਂ ਵਿੱਚ ਵੀ ਅਜਿਹੀ ਕੋਈ ਚੀਜ਼ ਨਹੀਂ ਸੀ। ਜਿਹਾ ਕਿ ਅਸੀਂ ਜਾਣਦੇ ਹਾਂ ਗ਼ੁਲਾਮਾਂ ਨੇ ਬਗ਼ਾਵਤਾਂ ਕੀਤੀਆਂ, ਫ਼ਸਾਦ ਕੀਤੇ, ਖ਼ਾਨਾ-ਜੰਗੀਆਂ ਕੀਤੀਆਂ, ਪਰ ਉਹ ਇੱਕ ਜਮਾਤੀ ਤੌਰ 'ਤੇ ਚੇਤੰਨ ਬਹੁ-ਗਿਣਤੀ ਅਤੇ ਘੋਲ਼ ਦੀ ਅਗਵਾਈ ਕਰਨ ਲਈ ਪਾਰਟੀਆਂ ਨਾ ਰਚ ਸਕੇ, ਉਹ ਸਪੱਸ਼ਟ ਤੌਰ 'ਤੇ ਇਹ ਅਨੁਭਵ ਨਾ ਕਰ ਸਕੇ ਕਿ ਉਹਨਾਂ ਦਾ ਮੰਤਵ ਕੀ ਹੈ ਕਿਉਂਕਿ ਵੱਧ ਤੋਂ ਵੱਧ ਇਨਕਲਾਬੀ ਛਿਣਾਂ ਵਿੱਚ ਵੀ ਉਹ ਸਦਾ ਹੀ ਹਾਕਮ ਜਮਾਤਾਂ ਦੇ ਹੱਥਾਂ ਵਿੱਚ ਮੁਹਰੇ ਸਨ। ਬੁਰਜੂਆ ਜਮਹੂਰੀਅਤ, ਪਾਰਲੀਮੈਂਟ, ਸਭਨਾਂ ਲਈ ਵੋਟ ਦਾ ਹੱਕ—ਸਮਾਜ ਦੇ ਸੰਸਾਰ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ ਇਹ ਸਭੇ ਮਹਾਨ ਉਨਤੀ ਦੇ ਪ੍ਰਤੀਕ ਹਨ। ਮਨੁੱਖਜਾਤੀ ਸਰਮਾਏਦਾਰੀ ਵੱਲ ਵਧੀ ਅਤੇ ਇਹ ਸਰਮਾਏਦਾਰੀ ਹੀ ਹੈ ਜਿਸਨੇ ਸ਼ਹਿਰੀ ਸੱਭਿਆਚਾਰ ਸਦਕਾ ਪਸਿਤੀ ਪ੍ਰੋਲੇਤਾਰੀ ਜਮਾਤ ਨੂੰ ਇਸ ਯੋਗ ਬਣਾਇਆ ਕਿ ਉਹ ਆਪਣੇ ਆਪ ਨੂੰ ਸਮਝੇ ਅਤੇ ਸੰਸਾਰ ਮਜ਼ਦੂਰ ਜਮਾਤ ਲਹਿਰ ਖੜ੍ਹੀ ਕਰੇ, ਸੰਸਾਰ ਭਰ ਵਿੱਚ ਕਰੋੜਾਂ ਕਿਰਤੀ ਪਾਰਟੀਆਂ ਵਿੱਚ—ਸੋਸ਼ਲਿਸਟ ਪਾਰਟੀਆਂ ਵਿੱਚ ਜਿਹੜੀਆਂ ਚੇਤੰਨ ਤੌਰ 'ਤੇ ਜਨਤਾ ਦੇ ਘੋਲ਼ ਦੀ ਅਗਵਾਈ ਕਰ ਰਹੀਆਂ ਹਨ, ਵਿੱਚ ਇੱਕਮੁੱਠ ਹਨ। ਪਾਰਲੀਮਾਨੀਵਾਦ ਤੋਂ ਬਿਨਾਂ, ਚੋਣਾਂ ਦੇ ਪ੍ਰਬੰਧ ਤੋਂ ਬਿਨਾਂ ਮਜ਼ਦੂਰ ਜਮਾਤ ਦਾ ਇਹ ਵਿਕਾਸ ਅਸੰਭਵ ਹੁੰਦਾ। ਇਸੇ ਲਈ ਆਮ ਜਨਤਾ ਦੇ ਵਿਸ਼ਾਲ ਹਿੱਸਿਆਂ ਵਿੱਚ ਇਹਨਾਂ ਸਭਨਾਂ ਚੀਜ਼ਾਂ ਨੇ ਮਹਾਨ ਮਹੱਤਤਾ ਪ੍ਰਾਪਤ ਕਰ ਲਈ ਹੈ। ਇਸੇ ਲਈ ਬੁਨਿਆਦੀ ਤਬਦੀਲੀ ਏਨੀ ਔਖੀ ਜਾਪਦੀ ਹੈ। ਕੇਵਲ ਸੁਚੇਤ ਧੋਖੇਬਾਜ਼, ਵਿਗਿਆਨੀ ਅਤੇ ਪਾਦਰੀ ਹੀ ਨਹੀਂ, ਜਿਹੜੇ ਇਸ ਬੁਰਜੂਆ ਝੂਠ ਦੀ ਹਮਾਇਤ ਅਤੇ ਰੱਖਿਆ ਕਰਦੇ ਹਨ ਕਿ ਰਾਜ ਅਜ਼ਾਦ ਹੈ ਅਤੇ ਇਹਦਾ ਮੰਤਵ ਸਭਨਾਂ ਦੇ ਹਿੱਤਾਂ ਦੀ ਰਾਖੀ ਕਰਨਾ ਹੈ; ਬਹੁਤ ਸਾਰੇ ਅਜਿਹੇ ਲੋਕ ਵੀ, ਜਿਹੜੇ ਇਮਾਨਦਾਰੀ ਨਾਲ਼ ਪੁਰਾਣੇ ਤੁਅੱਸਬਾਂ ਨਾਲ਼ ਜੁੜੇ ਹੋਏ ਹਨ ਅਤੇ ਪੁਰਾਣੇ ਸਰਮਾਏਦਾਰ ਸਮਾਜ ਤੋਂ ਸੋਸ਼ਲਿਜ਼ਮ ਤੱਕ ਤਬਦੀਲੀ ਨੂੰ ਨਹੀਂ ਵੇਖ ਸਕਦੇ, ਅਜਿਹਾ ਕਰਦੇ ਹਨ। ਇਹ ਕੇਵਲ ਉਹੋ ਲੋਕ ਹੀ ਨਹੀਂ ਜਿਹੜੇ ਸਿੱਧੇ ਬੁਰਜੂਆਜ਼ੀ ਉੱਤੇ ਨਿਰਭਰ ਹਨ, ਕੇਵਲ ਉਹੋ ਨਹੀਂ ਜੇਹੜੇ ਪੂੰਜੀ ਦੇ ਜੂਲੇ ਹੇਠ ਪਸਿੱਤੇ ਹਨ ਜਾਂ ਜਿਨ੍ਹਾਂ ਨੂੰ ਪੂੰਜੀ ਨੇ ਰਿਸ਼ਵਤ ਦਿੱਤੀ ਹੈ (ਸਭਨਾਂ ਤਰ੍ਹਾਂ ਦੇ ਵਿਗਿਆਨੀਆਂ, ਕਲਾਕਾਰਾਂ, ਪਾਦਰੀਆਂ ਆਦਿ ਦੀ ਇੱਕ ਵੱਡੀ ਗਿਣਤੀ ਪੂੰਜੀ ਦੀ ਸੇਵਾ ਵਿੱਚ ਲੱਗੀ ਰਹਿੰਦੀ ਹੈ), ਸਗੋਂ ਅਜਿਹੇ ਲੋਕ ਵੀ ਜਿਹੜੇ ਕੇਵਲ ਬੁਰਜੂਆ

ਅਜ਼ਾਦੀ ਦੇ ਤਅੱਸਬ ਦੀ ਪਕੜ ਵਿੱਚ ਹਨ ਸਾਰੇ ਸੰਸਾਰ ਵਿੱਚ ਬਾਲਸ਼ਵਿਕਵਾਦ ਵਿਰੁੱਧ ਹਥਿਆਰ ਲੈਕੇ ਖੜ੍ਹੇ ਹੋ ਗਏ ਕਿਉਂਕਿ ਜਿਉਂ ਹੀ ਇਹਦੀ ਸਥਾਪਨਾ ਹੋਈ ਸੋਵੀਅਤ ਰੀਪਬਲਿਕ ਨੇ ਇਹਨਾਂ ਬੁਰਜੂਆ ਝੂਠਾਂ ਨੂੰ ਰੱਦ ਕਰ ਦਿੱਤਾ ਅਤੇ ਖੁੱਲ੍ਹਾ ਐਲਾਨ ਕੀਤਾ: ਤੁਸੀਂ ਕਹਿੰਦੇ ਹੋ ਕਿ ਤੁਹਾਡਾ ਰਾਜ ਅਜ਼ਾਦ ਹੈ ਜਦੋਂ ਕਿ ਅਸਲ ਵਿੱਚ ਉਸ ਸਮੇਂ ਤੱਕ ਜਦੋਂ ਤੱਕ ਨਿੱਜੀ ਜਾਇਦਾਦ ਦੀ ਹੋਂਦ ਹੈ, ਤੁਹਾਡਾ ਰਾਜ, ਭਾਵੇਂ ਇਹ ਗਣ-ਰਾਜੀ ਜਮਹੂਰੀਅਤ ਹੀ ਹੋਵੇ, ਸਰਮਾਏਦਾਰਾਂ ਵੱਲੋਂ ਕਿਰਤੀਆਂ ਨੂੰ ਕੁਚਲਣ ਲਈ ਵਰਤੀ ਜਾਂਦੀ ਮਸ਼ੀਨ ਤੋਂ ਬਿਨਾਂ ਕੁੱਝ ਨਹੀਂ ਅਤੇ ਜਿੰਨਾ ਵਧੇਰੇ ਅਜ਼ਾਦ ਰਾਜ ਹੋਵੇਗਾ, ਉਨੀ ਸਪੱਸ਼ਟਤਾ ਨਾਲ਼ ਇਹ ਗਲ ਪ੍ਰਗਟ ਹੁੰਦੀ ਹੈ। ਯੂਰਪ ਵਿੱਚ ਸਵਿਟਜ਼ਰਲੈਂਡ ਅਤੇ ਅਮਰੀਕਾ ਵਿੱਚ ਸੰਯੁਕਤ ਰਾਜ ਇਹਦੀਆਂ ਮਿਸਾਲਾਂ ਹਨ। ਭਾਵੇਂ ਉਹ ਗਣ-ਰਾਜੀ ਜਮਹੂਰੀਅਤਾਂ ਹਨ, ਭਾਵੇਂ ਉਹਨਾਂ ਉੱਤੇ ਕਿੰਨਾ ਸੁਹਣਾ ਮੁਲੱਮਾ ਕਿਉਂ ਨਾ ਚਾੜ੍ਹਿਆ ਗਿਆ ਹੋਵੇ ਅਤੇ ਕਿਰਤ, ਜਮਹੂਰੀਅਤ ਅਤੇ ਸਭਨਾਂ ਸ਼ਹਿਰੀਆਂ ਦੀ ਬਰਾਬਰੀ ਸਬੰਧੀ ਸਾਰੀਆਂ ਗੱਲਾਂ ਦੇ ਬਾਵਜੂਦ ਕਿਸੇ ਹੋਰ ਥਾਂ ਪੂੰਜੀ ਏਨੇ ਸਨਕੀ ਢੰਗ ਨਾਲ਼ ਅਤੇ ਏਨੀ ਬੇਕਿਰਕੀ ਨਾਲ਼ ਸ਼ਾਸਨ ਨਹੀਂ ਕਰਦੀ ਅਤੇ ਹੋਰ ਕਿਤੇ ਵੀ ਇਹ ਏਨੀ ਸਪੱਸ਼ਟ ਨਹੀਂ ਜਿੰਨੀ ਇਹਨਾਂ ਦੇਸ਼ਾਂ ਵਿੱਚ। ਤੱਥ ਤਾਂ ਇਹ ਹੈ ਕਿ ਸਵਿਟਜ਼ਰਲੈਂਡ ਅਤੇ ਅਮਰੀਕਾ ਵਿੱਚ ਪੂੰਜੀ ਦਾ ਗ਼ਲਬਾ ਹੈ ਅਤੇ ਕਿਰਤੀਆਂ ਵੱਲੋਂ ਆਪਣੀ ਪ੍ਰਸਥਿਤੀ ਚੰਗੇਰੀ ਬਣਾਉਣ ਦੇ ਹਰ ਯਤਨ ਦਾ ਉੱਤਰ ਖ਼ਾਨਾ-ਜੰਗੀ ਰਾਹੀਂ ਦਿੱਤਾ ਜਾਂਦਾ ਹੈ। ਇਹਨਾਂ ਦੇਸ਼ਾਂ ਵਿੱਚ ਫ਼ੌਜੀਆਂ ਦੀ ਗਿਣਤੀ ਥੋੜੀ ਹੈ, ਪੱਕੀ ਫ਼ੌਜ ਛੋਟੀ ਹੈ—ਸਵਿਟਜ਼ਰਲੈਂਡ ਵਿੱਚ ਇੱਕ ਮਿਲੀਸ਼ੀਆ ਅਤੇ ਹਰ ਸਵਿਸ ਸ਼ਹਿਰੀ ਦੇ ਘਰ ਬੰਦੂਕ ਹੁੰਦੀ ਅਤੇ ਅਮਰੀਕਾ ਵਿੱਚ ਅਜੇ ਪਿੱਛੇ ਜਿਹੇ ਤੱਕ ਕੋਈ ਪੱਕੀ ਫ਼ੌਜ ਨਹੀਂ ਸੀ—ਸੋ ਜਦੋਂ ਹੜਤਾਲ ਹੁੰਦੀ ਹੈ ਤਾਂ ਬੁਰਜੂਆਜ਼ੀ ਹਥਿਆਰਬੰਦ ਹੁੰਦੀ ਹੈ, ਭਾੜੇ ਉੱਤੇ ਫ਼ੌਜੀ ਭਰਤੀ ਕਰਦੀ ਹੈ ਅਤੇ ਹੜਤਾਲ਼ ਨੂੰ ਕੁਚਲ ਦੇਂਦੀ ਹੈ; ਅਤੇ ਕਿਸੇ ਹੋਰ ਥਾਂ ਕਿਰਤੀ ਸ਼੍ਰੇਣੀ ਲਹਿਰ ਨੂੰ ਕੁਚਲਣ ਲਈ ਏਨੀ ਬੇਕਿਰਕ ਸਖ਼ਤੀ ਨਹੀਂ ਵਰਤੀ ਜਾਂਦੀ ਜਿੰਨੀ ਸਵਿਟਜ਼ਰਲੈਂਡ ਅਤੇ ਅਮਰੀਕਾ ਵਿੱਚ ਅਤੇ ਹੋਰ ਕਿਧਰੇ ਵੀ ਪਾਰਲੀਮੈਂਟ ਵਿੱਚ ਪੂੰਜੀ ਦਾ ਅਸਰ ਏਨੇ ਬਲ ਨਾਲ਼ ਨਹੀਂ ਪ੍ਰਗਟ ਹੁੰਦਾ ਜਿੰਨਾ ਇਹਨਾਂ ਦੇਸ਼ਾਂ ਵਿੱਚ। ਪੂੰਜੀ ਦੀ ਸ਼ਕਤੀ ਸਭੋ ਕੁੱਝ ਹੈ, ਸੱਟਾ ਬਜ਼ਾਰ ਸੱਭੋ ਕੁੱਝ ਹੈ ਅਤੇ ਪਾਰਲੀਮੈਂਟ ਅਤੇ ਚੋਣਾਂ ਪੁੱਤਲੀਆਂ, ਖਿਡੌਣੇ ਹਨ...। ਪਰ ਕਿਰਤੀਆਂ ਦੀਆਂ ਅੱਖਾਂ ਸਦਾ ਵਧੇਰੇ ਖੁੱਲ੍ਹਦੀਆਂ ਜਾ ਰਹੀਆਂ ਹਨ, ਸੋਵੀਅਤ ਹਕੂਮਤ ਦਾ ਵਿਚਾਰ ਸਦਾ ਵਧੇਰੇ ਫੈਲਦਾ ਜਾ ਰਿਹਾ ਹੈ, ਖ਼ਾਸ ਤੌਰ ’ਤੇ ਉਸ ਭਿਆਨਕ ਖ਼ੂਨ-ਖ਼ਰਾਬੇ ਪਿੱਛੋਂ ਜਿਸ ਵਿੱਚੋਂ ਅਸੀਂ ਹੁਣੇ ਹੁਣੇ ਲੰਘੇ ਹਾਂ। ਸਰਮਾਏਦਾਰਾਂ ਵਿਰੁੱਧ ਬੇਕਿਰਕ ਯੁੱਧ ਦੀ ਲੋੜ ਕਿਰਤੀ ਮਜ਼ਦੂਰ ਲਈ ਸਦਾ ਵਧੇਰੇ ਸਪੱਸ਼ਟ ਹੁੰਦੀ ਜਾ ਰਹੀ ਹੈ।

ਭਾਵੇਂ ਕੋਈ ਜਮਹੂਰੀਅਤ ਕੋਈ ਭੇਖ ਕਿਉਂ ਨਾ ਵਟਾ ਲਵੇ, ਵੱਧ ਤੋਂ ਵੱਧ ਗਣ-ਰਾਜੀ ਜਮਹੂਰੀਅਤ ਵੀ, ਜੇ ਇਹ ਬੁਰਜੂਆ ਜਮਹੂਰੀਅਤ ਹੈ, ਜੇ ਇਹ ਜ਼ਮੀਨ, ਮਿੱਲਾਂ ਅਤੇ ਕਾਰਖ਼ਾਨਿਆਂ ਦੀ ਨਿੱਜੀ ਮਾਲਕੀ ਕਾਇਮ ਰੱਖਦੀ ਹੈ ਅਤੇ ਜੇ ਨਿੱਜੀ ਪੂੰਜੀ ਸਮੁੱਚੇ ਸਮਾਜ ਨੂੰ ਉਜਰਤੀ ਗ਼ੁਲਾਮੀ ਦਾ ਸ਼ਿਕਾਰ ਰੱਖਦੀ ਹੈ, ਅਰਥਾਤ, ਜੇ ਉਹ ਕੁੱਝ ਨਹੀਂ ਕਰਦੀ ਜੋ ਸਾਡੀ ਪਾਰਟੀ ਦੇ ਪ੍ਰੋਗਰਾਮ ਅਤੇ ਸੋਵੀਅਤ ਵਿਧਾਨ ਵਿੱਚ ਐਲਾਨਿਆ ਗਿਆ ਹੈ ਤਾਂ ਇਹ ਰਾਜ

ਕੁੱਝ ਲੋਕਾਂ ਵੱਲੋਂ ਹੋਰਨਾਂ ਨੂੰ ਦਬਾਉਣ ਲਈ ਮਸ਼ੀਨ ਹੈ ਅਤੇ ਅਸੀਂ ਇਹ ਮਸ਼ੀਨ ਉਸ ਸ਼੍ਰੇਣੀ ਦੇ ਹੱਥ ਵਿੱਚ ਦਿਆਂਗੇ ਜਿਸ ਨੇ ਸਰਮਾਏ ਦਾ ਤਖ਼ਤਾ ਉਲਟਣਾ ਹੈ। ਅਸੀਂ ਰਾਜ ਦੇ ਅਰਥ ਸਭਨਾਂ ਲਈ ਬਰਾਬਰੀ ਹੋਣ ਸਬੰਧੀ ਸਭਨਾਂ ਪੁਰਾਣੇ ਤਅੱਸਬਾਂ ਨੂੰ ਰੱਦ ਕਰਦੇ ਹਾਂ—ਕਿਉਂਕਿ ਇਹ ਇੱਕ ਧੋਖਾ ਹੈ: ਜਦੋਂ ਤੱਕ ਲੁੱਟ-ਚੋਂਘ ਦੀ ਹੋਂਦ ਹੈ ਬਰਾਬਰੀ ਨਹੀਂ ਹੋ ਸਕਦੀ। ਜਗੀਰਦਾਰ ਕਿਰਤੀ ਦੇ ਬਰਾਬਰ ਨਹੀਂ ਹੋ ਸਕਦਾ, ਨਾ ਹੀ ਢਿੱਡੋਂ ਭੁੱਖਾ ਮਨੁੱਖ ਰੱਜੇ ਮਨੁੱਖ ਦੇ ਬਰਾਬਰ ਹੋ ਸਕਦਾ ਹੈ। ਪ੍ਰੋਲੇਤਾਰੀ ਉਸ ਮਸ਼ੀਨ ਨੂੰ ਇੱਕ ਪਾਸੇ ਸੁੱਟ ਦੇਂਦਾ ਹੈ ਜਿਸਨੂੰ ਰਾਜ ਕਿਹਾ ਜਾਂਦਾ ਸੀ ਅਤੇ ਲੋਕ ਪੁਰਾਣੇ ਕਿੱਸੇ ਮੰਨ ਕੇ ਕਿ ਇਹਦੇ ਅਰਥ ਜਨਤਾ ਦਾ ਰਾਜ ਹਨ, ਵਹਿਮੀ ਡਰ ਨਾਲ਼ ਸਿਰ ਨਿਵਾਇਆ ਕਰਦੇ ਸਨ—ਪ੍ਰੋਲੇਤਾਰੀ ਇਸ ਮਸ਼ੀਨ ਨੂੰ ਇੱਕ ਪਾਸੇ ਸੁੱਟਦਾ ਹੈ ਅਤੇ ਐਲਾਨ ਕਰਦਾ ਹੈ ਕਿ ਇਹ ਇੱਕ ਬੁਰਜੂਆ ਝੂਠ ਹੈ। ਅਸੀਂ ਸਰਮਾਏਦਾਰਾਂ ਨੂੰ ਇਸ ਮਸ਼ੀਨ ਤੋਂ ਵਿਰਵਿਆਂ ਕਰ ਦਿੱਤਾ ਹੈ ਅਤੇ ਇਹਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਇਸ ਮਸ਼ੀਨ ਜਾਂ ਮੁਤਹਿਰ ਨਾਲ਼ ਸਭ ਲੁੱਟ-ਚੋਂਘ ਦਾ ਅੰਤ ਕਰਾਂਗੇ ਅਤੇ ਜਦੋਂ ਸੰਸਾਰ ਵਿੱਚ ਕਿਸੇ ਵੀ ਥਾਂ ਲੁੱਟ-ਚੋਂਘ ਦੀ ਸੰਭਾਵਨਾ ਉੱਕਾ ਹੀ ਨਹੀਂ ਰਹੇਗੀ, ਜਦੋਂ ਜ਼ਮੀਨ ਦੇ ਮਾਲਕ ਅਤੇ ਕਾਰਖ਼ਾਨਿਆਂ ਦੇ ਮਾਲਕ ਨਹੀਂ ਰਹਿਣਗੇ, ਜਦੋਂ ਇਹ ਪ੍ਰਸਥਿਤੀ ਨਹੀਂ ਰਹੇਗੀ ਕਿ ਕੁੱਝ ਤੂਸੜੀ ਜਾਂਦੇ ਹਨ ਜਦੋਂ ਕਿ ਹੋਰ ਭੁੱਖੇ ਮਰਦੇ ਹਨ—ਕੇਵਲ ਉਦੋਂ ਜਦੋਂ ਇਸ ਗੱਲ ਦੀ ਸੰਭਾਵਨਾ ਨਹੀਂ ਰਹੇਗੀ ਅਸੀਂ ਇਸ ਮਸ਼ੀਨ ਨੂੰ ਕੂੜੇ ਦੇ ਢੇਰ ’ਤੇ ਸੁੱਟ ਦਿਆਂਗੇ। ਉਸ ਸਮੇਂ ਕੋਈ ਰਾਜ ਨਹੀਂ ਹੋਵੇਗਾ ਅਤੇ ਕੋਈ ਲੁੱਟ-ਚੋਂਘ ਨਹੀਂ ਹੋਵੇਗੀ। ਅਜਿਹਾ ਹੈ ਦ੍ਰਿਸ਼ਟੀਕੋਣ ਸਾਡੀ ਕਮਿਊਨਿਸਟ ਪਾਰਟੀ ਦਾ। ਮੈਨੂੰ ਆਸ ਹੈ ਕਿ ਅੱਗੋਂ ਦੇ ਲੈਕਚਰਾਂ ਵਿੱਚ ਇਸ ਸਵਾਲ ਨੂੰ ਫਿਰ ਲਵਾਂਗੇ ਅਤੇ ਅਸੀਂ ਮੁੜ-ਮੁੜ ਇਸ ਵੱਲ ਆਵਾਂਗੇ।

ਪਹਿਲੀ ਵਾਰ 18 ਜਨਵਰੀ
1929 ਨੂੰ ‘ਪ੍ਰਾਵਦਾ’ ਨੰ: 15
ਵਿੱਚ ਛਪਿਆ।

ਵ. ਇ. ਲੈਨਿਨ ਦੀਆਂ
ਸੰਗ੍ਰਹਿਤ ਕਿਰਤਾਂ ਦੀ
ਪੰਜਵੀਂ ਛਾਪ, ਸੈਂਚੀ 39,
ਪੰਨਾ 64-84

# ਨੋਟ

1. **ਸਵੇਰਦਲੋਵ ਕਮਿਊਨਿਸਟ ਯੂਨੀਵਰਸਿਟੀ** ਪ੍ਰਚਾਰਕਾਂ ਤੇ ਸਿੱਖਿਅਕਾਂ ਦੇ ਕੋਰਸਾਂ ਦੇ ਅਧਾਰ ਉੱਤੇ ਕਾਇਮ ਕੀਤੀ ਗਈ ਸੀ, ਜੋ 1918 ਵਿੱਚ ਕੁੱਲ-ਰੂਸ ਕੇਂਦਰੀ ਕਾਰਜ-ਸਾਧਕ ਕਮੇਟੀ ਦੀ ਛਤਰ-ਛਾਯਾ ਹੇਠ ਸਵੇਦਰਲੋਵ ਦੀ ਪਹਿਲਕਦਮੀ ਨਾਲ਼ ਜਥੇਬੰਦ ਕੀਤੇ ਗਏ ਸਨ।

ਜਨਵਰੀ 1918 ਵਿੱਚ ਕੋਰਸ ਸੋਵੀਅਤ ਕੰਮ ਦੇ ਸਕੂਲ ਦੇ ਰੂਪ ਵਿੱਚ ਤੇ ਪਿੱਛੋਂ ਪਾਰਟੀ ਕਾਰਕੁੰਨਾਂ ਦੀ ਸਿਖਲਾਈ ਲਈ ਕੇਂਦਰੀ ਕਮੇਟੀ ਦੇ ਅਧੀਨ ਉਚੇਰੇ ਸਕੂਲ ਦੀ ਸਥਾਪਨਾ ਸਬੰਧੀ ਰੂਸੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਦੀ ਅੱਠਵੀਂ ਕਾਂਗਰਸ ਦੇ ਫ਼ੈਸਲੇ ਅਨੁਸਾਰ ਸੋਵੀਅਤ ਤੇ ਪਾਰਟੀ ਕੰਮ ਦੇ ਕੇਂਦਰੀ ਸਕੂਲ ਦੇ ਰੂਪ ਵਿੱਚ ਮੁੜ-ਜਥੇਬੰਦ ਕੀਤੇ ਗਏ।

1919 ਦੇ ਦੂਜੇ ਅੱਧ ਵਿੱਚ ਸੋਵੀਅਤ ਤੇ ਪਾਰਟੀ ਕੰਮ ਦੇ ਕੇਂਦਰੀ ਸਕੂਲ ਦਾ ਨਾਂ ਫੇਰ ਸਵੇਰਦਲੋਵ ਕਮਿਊਨਿਸਟ ਯੂਨੀਵਰਸਿਟੀ ਰੱਖ ਦਿੱਤਾ ਗਿਆ।

ਕਾਮਰੇਡ ਲੈਨਿਨ ਨੇ ਯੂਨੀਵਰਸਿਟੀ ਦੀ ਜਥੇਬੰਦੀ ਤੇ ਉਹਦੇ ਪ੍ਰੋਗਰਾਮ ਉਲੀਕਣ ਵੱਲ ਚੋਖਾ ਧਿਆਨ ਦਿੱਤਾ। 11 ਜੁਲਾਈ ਤੇ 29 ਅਗਸਤ, 1919 ਨੂੰ ਉਹਨਾਂ ਯੂਨੀਵਰਸਿਟੀ ਵਿੱਚ ਰਾਜ ਦੇ ਵਿਸ਼ੇ ਉੱਤੇ ਦੋ ਲੈਕਚਰ ਦਿੱਤੇ (ਦੂਜੇ ਲੈਕਚਰ ਦਾ ਮਜ਼ਮੂਨ ਨਹੀਂ ਲਭ ਸਕਿਆ)।

ਸਫ਼ਾ 1

2. **ਮੇਨਸ਼ਵਿਕ—** ਰੂਸੀ ਸੋਸ਼ਲ-ਡੈਮੋਕਰੈਟਿਕ ਪਾਰਟੀ ਅੰਦਰ ਨਿੱਕ-ਬੁਰਜੂਆ ਮੌਕਾਪ੍ਰਸਤ ਰੁਝਾਨ ਦੇ ਅਨੁਯਾਈ ਤੇ ਮਜ਼ਦੂਰ ਜਮਾਤ ਉੱਤੇ ਬੁਰਜੂਆ ਪਰਭਾਵ ਦੇ ਪਸਾਰਕ। ਇਹ ਨਾਂ ਉਹਨਾਂ ਨੂੰ ਅਗਸਤ 1903 ਵਿੱਚ, ਰੂਸੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦੀ ਦੂਜੀ ਕਾਂਗਰਸ ਤੋਂ ਬਾਅਦ ਦਿੱਤਾ ਜਾਣ ਲੱਗ ਪਿਆ, ਜਦੋਂ ਉਹ ਕਾਂਗਰਸ ਦੇ ਅੰਤ ਵਿੱਚ ਪਾਰਟੀ ਦੀਆਂ ਕੇਂਦਰੀ ਸੰਸਥਾਵਾਂ ਦੀਆਂ ਚੋਣਾਂ ਦੇ ਸਮੇਂ ਘਟ-ਗਿਣਤੀ (ਰੂਸੀ ਵਿੱਚ 'ਮੇਨਸ਼ਿਨਸਤਵੋ') ਵਿੱਚ ਰਹਿ ਗਏ ਤੇ ਇਨਕਲਾਬੀ ਸੋਸ਼ਲ-ਡੈਮੋਕਰੈਟਾਂ ਨੇ ਲੈਨਿਨ ਦੀ ਅਗਵਾਈ ਵਿੱਚ ਬਹੁ-ਗਿਣਤੀ (ਰੂਸੀ ਵਿੱਚ 'ਬੋਲਸ਼ਿਨਸਤਵੋ') ਪ੍ਰਾਪਤ ਕੀਤੀ।

1905-1907 ਦੀ ਇਨਕਲਾਬ ਦੇ ਦੌਰਾਨ ਮੇਨਸ਼ਵਿਕਾਂ ਨੇ ਇਨਕਲਾਬ ਵਿੱਚ ਪ੍ਰੋਲੇਤਾਰੀ ਦੀ ਸਰਦਾਰੀ, ਤੇ ਮਜ਼ਦੂਰ ਜਮਾਤ ਤੇ ਕਿਸਾਨੀ ਦੇ ਏਕੇ ਦੀ ਵਿਰੋਧਤਾ ਕੀਤੀ ਤੇ ਉਦਾਰ-ਪੰਥੀ ਬੁਰਜੂਆਜ਼ੀ ਨਾਲ਼ ਸਮਝੌਤੇ ਲਈ ਪ੍ਰੇਰਿਆ। 1907-10 ਵਿੱਚ ਇਨਕਲਾਬ ਦੀ ਹਾਰ ਤੋਂ ਪਿੱਛੋਂ ਪਿਛਾਖੜ ਦੇ ਦੌਰ ਵਿੱਚ ਉਹਨਾਂ ਪ੍ਰੋਲੇਤਾਰੀ ਦੀ ਗ਼ੈਰ-ਕਨੂੰਨੀ ਪਾਰਟੀ ਨੂੰ ਤੋੜਨ ਦੀ ਕੋਸ਼ਿਸ਼ ਕੀਤੀ।

ਰੂਸ ਵਿੱਚ 1917 ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਬਾਅਦ, ਮੇਨਸ਼ਵਿਕ ਤੇ ਸੋਸ਼ਲਿਸਟ ਇਨਕਲਾਬੀ ਬੁਰਜੂਆ ਆਰਜ਼ੀ ਹਕੂਮਤ ਵਿੱਚ ਸ਼ਾਮਲ ਹੋ ਗਏ। ਉਹਨਾਂ ਇਸ ਹਕੂਮਤ ਦੀ ਸਾਮਰਾਜੀ ਪਾਲਸੀ ਦੀ ਹਮਾਇਤ ਕੀਤੀ ਤੇ ਵਧ ਰਹੇ ਪ੍ਰੋਲੇਤਾਰੀ ਇਨਕਲਾਬ ਵਿਰੁੱਧ ਘੁਲ਼ੇ। ਸੋਵੀਅਤਾਂ ਵਿੱਚ ਉਹਨਾਂ ਉਸੇ ਹੀ ਨੀਤੀ ਉੱਤੇ ਅਮਲ ਕੀਤਾ, ਆਰਜ਼ੀ ਹਕੂਮਤ ਦੀ ਹਮਾਇਤ ਕੀਤੀ ਤੇ ਆਮ ਲੋਕਾਂ ਦਾ ਧਿਆਨ ਇਨਕਲਾਬੀ ਲਹਿਰ ਤੋਂ ਹਟਾਇਆ।

ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਮੇਨਸ਼ਵਿਕ ਖੁੱਲ੍ਹਮ-ਖੁੱਲ੍ਹਾ ਇੱਕ ਉਲਟ-ਇਨਕਲਾਬੀ ਪਾਰਟੀ ਬਣ ਗਏ, ਅਜਿਹੀਆਂ ਸਾਜ਼ਸ਼ਾਂ ਤੇ ਬਗ਼ਾਵਤਾਂ ਜਥੇਬੰਦ ਕਰਨ ਤੇ ਉਹਨਾਂ ਵਿੱਚ ਹਿੱਸਾ ਲੈਣ ਲੱਗ ਪਏ, ਜਿਨ੍ਹਾਂ ਦਾ ਉਦੇਸ਼ ਸੋਵੀਅਤ ਸੱਤ੍ਹਾ ਦਾ ਤਖ਼ਤਾ ਉਲਟਾਉਣਾ ਸੀ।

ਸਫ਼ਾ 6

3. **ਸੋਸ਼ਲਿਸਟ-ਇਨਕਲਾਬੀ** — ਰੂਸ ਦੀ ਇੱਕ ਨਿੱਕ-ਬੁਰਜੂਆ ਪਾਰਟੀ —1901 ਦੇ ਅਖੀਰ ਤੇ 1902 ਦੇ ਸ਼ੁਰੂ ਵਿੱਚ ਵੱਖ-ਵੱਖ ਨਰੋਦਵਾਦੀ ਗਰੁੱਪਾਂ ਤੇ ਹਲਕਿਆਂ ਦੇ ਰਲ਼ਣ ਨਾਲ਼ ਇਹਦੀ ਸਥਾਪਨਾ ਹੋਈ। ਪਹਿਲੇ ਸੰਸਾਰ ਯੁੱਧ ਦੌਰਾਨ ਬਹੁਤ ਸੋਸ਼ਲਿਸਟ-ਇਨਕਲਾਬੀਆਂ ਨੇ ਸਮਾਜੀ ਵੱਡ-ਸ਼ਕਤੀ ਵਿਚਾਰ ਅਪਣਾਏ।

ਫ਼ਰਵਰੀ 1917 ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਸੋਸ਼ਲਿਸਟ-ਇਨਕਲਾਬੀ ਮੇਨਸ਼ਵਿਕਾਂ ਨਾਲ਼ ਰਲ਼, ਬੁਰਜੂਆ-ਜਗੀਰਦਾਰ ਆਰਜ਼ੀ ਹਕੂਮਤ ਦੀ ਮੁੱਖ ਟੇਕ ਸਨ ਤੇ ਉਹਨਾਂ ਦੇ ਆਗੂ, ਅਵਕਸੇਂਤੀਏਵ, ਕੇਰੇਂਸਕੀ, ਤੇ ਚੇਰਨੋਵ ਉਸ ਹਕੂਮਤ ਦੇ ਮੈਂਬਰ ਸਨ। ਸੋਸ਼ਲਿਸਟ-ਇਨਕਲਾਬੀ ਪਾਰਟੀ ਨੇ ਕਿਸਾਨਾਂ ਦੀ ਇਸ ਮੰਗ ਦੀ ਹਮਾਇਤ ਨਾ ਕੀਤੀ ਕਿ ਜਗੀਰਾਂ ਖ਼ਤਮ ਕਰ ਦਿੱਤੀਆਂ ਜਾਣ ਤੇ ਉਹ ਜਾਗੀਰ-ਮਾਲਕੀ ਦੇ ਕਾਇਮ ਰੱਖੇ ਜਾਣ ਦੇ ਹੱਕ ਵਿੱਚ ਸਨ। ਆਰਜ਼ੀ ਹਕੂਮਤ ਦੇ ਸੋਸ਼ਲਿਸਟ-ਇਨਕਲਾਬੀ ਮੈਂਬਰਾਂ ਨੇ ਉਹਨਾਂ ਕਿਸਾਨਾਂ ਵਿਰੁੱਧ, ਜਿਨ੍ਹਾਂ ਜਗੀਰਾਂ ਉੱਤੇ ਕਬਜ਼ਾ ਕਰ ਲਿਆ, ਤਾਜ਼ੀਰੀ ਦਸਤੇ ਘੱਲੇ।

ਵਿਦੇਸ਼ੀ ਫ਼ੌਜੀ ਦਖ਼ਲ ਤੇ ਖਾਨਾ-ਜੰਗੀ ਦੌਰਾਨ ਸੋਸ਼ਲਿਸਟ-ਇਨਕਲਾਬੀਆਂ ਨੇ ਇਨਕਲਾਬ-ਦੁਸ਼ਮਣ ਉਲਟਾਊ ਸਰਗਰਮੀਆਂ ਚਲਾਈਆਂ, ਦਖ਼ਲ-ਅੰਦਾਜ਼ਾਂ ਤੇ ਚਿੱਟ-ਦਸਤੀਆਂ ਦੀ ਸਰਗਰਮ ਹਿਮਾਇਤ ਕੀਤੀ, ਇਨਕਲਾਬ-ਦੁਸ਼ਮਣ ਸਾਜ਼ਸ਼ਾਂ ਵਿੱਚ ਹਿੱਸਾ ਲਿਆ ਤੇ ਸੋਵੀਅਤ ਰਾਜ ਤੇ ਕਮਿਊਨਿਸਟ ਪਾਰਟੀ ਦੇ ਆਗੂਆਂ ਵਿਰੁੱਧ ਯਰਕਾਊ ਕਾਰਵਾਈਆਂ ਜਥੇਬੰਦ ਕੀਤੀਆਂ। ਖਾਨਾ-ਜੰਗੀ ਦੇ ਖ਼ਾਤਮੇ ਤੋਂ ਪਿੱਛੋਂ ਉਹਨਾਂ ਦੇਸ਼ ਅੰਦਰ ਤੇ ਚਿੱਟ-ਦਸਤੀਏ ਪਰਵਾਸੀਆਂ ਵਿੱਚ ਆਪਣੀਆਂ ਵੈਰ-ਵਿਰੋਧ ਵਾਲ਼ੀਆਂ ਸਰਗਰਮੀਆਂ ਜਾਰੀ ਰੱਖੀਆਂ।

ਸਫਾ 6

4. ਆਰਜ਼ੀ ਹਕੂਮਤ ਨੇ 2(14) ਮਾਰਚ, 1917 ਦੇ ਆਪਣੇ ਐਲਾਨ ਵਿੱਚ ਕਿਹਾ ਕਿ ਉਹਦਾ ਇਰਾਦਾ ਵਿਧਾਨ-ਘੜਨੀ ਸਭਾ ਸੱਦਣ ਦਾ ਹੈ। 14 (27) ਜੂਨ ਨੂੰ ਆਰਜ਼ੀ ਹਕੂਮਤ ਨੇ 12 (24) ਨਵੰਬਰ ਨੂੰ ਚੋਣਾਂ ਕਰਨ ਦਾ ਫ਼ੈਸਲਾ ਕੀਤਾ।

ਚੋਣਾਂ ਆਰਜ਼ੀ ਹਕੂਮਤ ਦੇ ਫ਼ੈਸਲੇ ਵਿੱਚ ਮਿੱਥੀ ਗਈ ਮਿਤੀ 12 (24) ਨਵੰਬਰ ਨੂੰ ਅਕਤੂਬਰ ਇਨਕਲਾਬ ਤੋਂ ਬਾਅਦ ਹੋਈਆਂ। ਚੋਣਾਂ ਉਮੀਦਵਾਰਾਂ ਦੀਆਂ ਉਹਨਾਂ ਸੂਚੀਆਂ ਅਨੁਸਾਰ ਹੋਈਆਂ, ਜੋ ਇਨਕਲਾਬ ਤੋਂ ਪਹਿਲਾਂ ਤਿਆਰ ਕੀਤੀਆਂ ਗਈਆਂ ਸਨ ਤੇ ਇਸ ਲਈ ਉਹਨਾਂ ਤੋਂ ਇਨਕਲਾਬ ਤੋਂ ਬਾਅਦ ਵਾਲ਼ਾ ਤਾਕਤਾਂ ਦਾ ਨਵਾਂ ਤੋਲ ਨਹੀਂ ਸੀ ਝਲਕਦਾ। ਵਿਧਾਨ-ਘੜਨੀ ਸਭਾ ਵਿੱਚ ਸੀਟਾਂ ਦੀ ਬਹੁ-ਗਿਣਤੀ ਸਜ-ਪੱਖੀਆਂ, ਸੋਸ਼ਲਿਸਟ-ਇਨਕਲਾਬੀਆਂ ਤੇ ਮੇਨਸ਼ਵਿਕਾਂ, ਨੇ ਜਿੱਤੀ।

ਸਭਾ 5 ਜਨਵਰੀ 1918 ਨੂੰ ਜੁੜੀ। ਜਦੋਂ ਇਨਕਲਾਬ-ਦੁਸ਼ਮਣ ਬਹੁ-ਗਿਣਤੀ ਨੇ ਸੋਵੀਅਤ ਹਕੂਮਤ ਵਲੋਂ ਪੇਸ਼ ਕੀਤੇ ਗਏ 'ਕਿਰਤੀ ਤੇ ਲੁੱਟੇ-ਖਸੁੱਟੇ ਲੋਕਾਂ ਦੇ ਅਧਿਕਾਰਾਂ ਦੇ ਐਲਾਨ' ਨੂੰ ਪਰਵਾਨ ਕਰਨ, ਸੋਵੀਅਤ ਹਕੂਮਤ ਵਲੋਂ ਪਾਸ ਕੀਤੇ ਗਏ ਜ਼ਮੀਨ ਸਬੰਧੀ ਫ਼ਰਮਾਨ ਤੇ ਅਮਨ ਸਬੰਧੀ ਫ਼ਰਮਾਨ ਦੀ ਤਸਦੀਕ ਕਰਨ ਤੋਂ ਇਨਕਾਰ ਕਰ ਦਿੱਤਾ, ਕੁੱਲ-ਰੂਸ ਕਾਰਜ-ਸਾਧਕ ਕਮੇਟੀ ਨੇ ਵਿਧਾਨ-ਘੜਨੀ ਸਭਾ ਨੂੰ ਤੋੜ ਦੇਣ ਦਾ ਫ਼ੈਸਲਾ ਕੀਤਾ। ਇਸ ਫ਼ੈਸਲੇ ਦਾ ਰੂਸ ਦੇ ਮਜ਼ਦੂਰਾਂ, ਫ਼ੌਜੀਆਂ ਤੇ ਕਿਸਾਨਾਂ ਦੇ ਵਿਸ਼ਾਲ ਸਮੂਹਾਂ ਵਲੋਂ ਸਵਾਗਤ ਕੀਤਾ ਗਿਆ।

ਸਫ਼ਾ 19

ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ : 20 ਰੁ.